# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ
# ਮਿਤੀ **17-11-2020**
# ਦੀ ਕਾਰਵਾਈ

(ਮਤਾ ਨੰ: **3-42** )

## ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 17.11.2020 ਨੂੰ ਹੋਈ ਦੀ ਕਾਰਵਾਈ ।

ਮਿਤੀ 17.11.2020 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 4. | 8 | ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ |
| 5. | 9 | ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ |
| 6. | 10 | ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 7. | 11 | ਸ਼੍ਰੀਮਤੀ ਪ੍ਰਵੀਨਾ, ਕੌਂਸਲਰ |
| 8. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 9. | 15 | ਸ਼੍ਰੀਮਤੀ ਡੋਲੀ, ਕੌਂਸਲਰ |
| 10. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 11. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 12. | 18 | ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 13. | 19 | ਸ਼੍ਰੀਮਤੀ ਉਮਾ ਬੇਰੀ, ਕੌਂਸਲਰ |
| 14. | 20 | ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 15. | 21 | ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ |
| 16. | 22 | ਸ਼੍ਰੀ ਪ੍ਰੱਭਦਿਆਲ, ਕੌਂਸਲਰ |
| 17. | 23 | ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ |
| 18. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 19. | 25 | ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 20. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 21. | 27 | ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ |
| 22. | 28 | ਸ਼੍ਰੀ ਬਲਰਾਜ ਠਾਕੁਰ, ਕੌਂਸਲਰ |
| 23. | 29 | ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 24. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 25. | 31 | ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ |
| 26. | 32 | ਸ਼੍ਰੀ ਸੁੱਚਾ ਸਿੰਘ, ਕੌਂਸਲਰ |
| 27. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 28. | 35 | ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ |
| 29. | 38 | ਸ਼੍ਰੀ ਓਮਕਾਰ ਰਜੀਵ, ਕੌਂਸਲਰ |
| 30. | 40 | ਸ਼੍ਰੀ ਵਰੇਸ਼ ਕੁਮਾਰ, ਕੌਂਸਲਰ |
| 31. | 41 | ਸ਼੍ਰੀਮਤੀ ਅਨੀਤਾ, ਕੌਂਸਲਰ |
| 32. | 42 | ਸ਼੍ਰੀਮਤੀ ਸੁਨੀਤਾ, ਕੌਂਸਲਰ |
| 33. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 34. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 35. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 36. | 59 | ਸ਼੍ਰੀਮਤੀ ਰੀਨਾ, ਕੌਂਸਲਰ |
| 37. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 38. | 62 | ਸ਼੍ਰੀ ਦੀਪਕ ਸ਼ਾਰਦਾ,ਕੌਂਸਲਰ |
| 39. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 40. | 65 | ਸ਼੍ਰੀਮਤੀ ਅੰਜਲੀ , ਕੌਂਸਲਰ |
| 41. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ |
| 42. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 43. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |

| | | |
|---|---|---|
| 44. | 70 | ਸ਼੍ਰੀ ਗਿਆਨ ਚੰਦ, ਕੌਂਸਲਰ |
| 45. | 72 | ਸ਼੍ਰੀ ਮਿੰਟੂ, ਕੌਂਸਲਰ |
| 46. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 47. | 74 | ਸ਼੍ਰੀ ਮਦਨ ਲਾਲ, ਕੌਂਸਲਰ |
| 48. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 49. | 80 | ਸ੍ਰੀ ਦੇਸ਼ ਰਾਜ ਜੱਸਲ, ਕੌਂਸਲਰ |

ਕੁਲ ਹਾਜ਼ਰ ਮੈਂਬਰ: 49

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
17.11.2020

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਕਿ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ, ਜਿਹਨਾਂ ਵਿੱਚੋ :-

1. ਕੌਂਸਲਰ ਸ਼੍ਰੀਮਤੀ ਰੀਟਾ ਰਾਣੀ ਦੀ ਮਾਤਾ ਸ਼੍ਰੀਮਤੀ ਰੂਪ ਰਾਣੀ ਜੀ,
2. ਕੌਂਸਲਰ ਸ਼੍ਰੀ ਬਚਨ ਲਾਲ ਦੇ ਵੱਡੇ ਭਰਾ ਸ਼੍ਰੀ ਮਹਿੰਗਾ ਰਾਮ ਜੀ,
3. ਕੌਂਸਲਰ ਸ਼੍ਰੀਮਤੀ ਅਰੁਨਾ ਅਰੋੜਾ ਦੇ ਪਿਤਾ ਸ਼੍ਰੀ ਹਰਭਗਵਾਨ ਖੁਰਾਣਾ ਜੀ

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਹਾਜਰ ਕੌਂਸਲਰਾਂ/ ਅਧਿਕਾਰੀਆਂ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।

ਮੇਅਰ ਜੀ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿਚ ਜੀਰੋ ਆਵਰ ਨਹੀਂ ਹੋਵੇਗਾ।ਉਹਨਾਂ ਕਮਿਸ਼ਨਰ ਜੀ ਅਤੇ ਨਿਗਮ ਦੇ ਬਾਕੀ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਪਿਛਲੀਆਂ ਮੀਟਿੰਗਾਂ ਵਿਚ ਕੌਂਸਲਰਾਂ ਵਲੋਂ ਪੁਛੇ ਜਾਂਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾਂਦਾ ਜਿਸ ਨਾਲ ਹਾਊਸ ਦੀ ਮਰਿਆਦਾ ਭੰਗ ਹੁੰਦੀ ਹੈ। ਉਹ ਬਾਰ-ਬਾਰ ਬੇਨਤੀ ਕਰਦੇ ਹਨ ਕਿ ਕੌਂਸਲਰਾਂ ਨੂੰ ਸਵਾਲ ਪੁਛਣ ਦਾ ਅਧਿਕਾਰ ਹੈ ਅਤੇ ਅਧਿਕਾਰੀਆਂ ਦਾ ਇਹ ਫਰਜ ਹੈ ਕਿ ਇਹਨਾਂ ਸਵਾਲਾਂ ਦੇ ਜਵਾਬ ਦਿੱਤੇ ਜਾਣ, ਇਸ ਲਈ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਅਗਲੀ ਮੀਟਿੰਗ ਵਿਚ ਕੌਂਸਲਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਹਰ ਹਾਲਤ ਵਿਚ ਦਿੱਤੇ ਜਾਣ। ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜਣ ਦੇ ਆਦੇਸ਼ ਦਿੱਤੇ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
17.11.2020

**ਮਤਾ ਨੰ:-3**

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 24.2.2020 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 24.2.2020 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
17.11.2020

ਮਤਾ ਨੰ:-4

ਵਿਸ਼ਾ:- NOCs for the utilization of Municipal Corporation Land located at Gadaipur Village (12 acres) for the purpose of establishment and operation of Construcation and Demolation Waste Management Plant under Smart City Mission.

ਪੜ੍ਹਿਆ ਦਫਤਰੀ ਨੋਟ ਪਟਵਾਰੀ, ਨਗਰ ਨਿਗਮ ਜਲੰਧਰ ਜਿਸ ਤੇ ਅਸਟੇਟ ਅਫਸਰ ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੇ ਆਫਿਸ ਵਿਚ ਜਲੰਧਰ ਸਮਾਰਟ ਸਿਟੀ ਲਿਮਿਟਡ ਦੇ ਸੀ.ਈ.ਓ. ਜੀ ਵਲੋਂ ਭੇਜਿਆ ਹੋਇਆ ਪੱਤਰ ਨੰ: ਸੀ.ਈ.ਓ.: ਜੇ.ਐਸ.ਸੀ.ਐਲ.:2019/538 ਮਿਤੀ 6.6.2019 ਪ੍ਰਾਪਤ ਹੋਇਆ ਹੈ। ਜੇ.ਐਸ.ਸੀ.ਐਲ. ਵਾਲੇ ਪਿੰਡ ਗੁਦਾਈਪੁਰ ਵਿਖੇ Construction and Demolation Waste Management Plant ਲਗਾਉਣ ਲਈ ਐਨ.ਓ.ਸੀ. ਦੀ ਮੰਗ ਕਰ ਰਹੇ ਹਨ। ਇਸ ਜਮੀਨ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਮੁਸ਼ਤਰਕਾ ਮਾਲਕਾਨ ਰਕਬਾ ਹੈ। ਇਹ ਜਮੀਨ ਨਗਰ ਨਿਗਮ ਜਲੰਧਰ ਨੂੰ ਵੈਸਟ ਕਰਦੀ ਹੈ, ਇਸ ਦਾ ਕੁਲ ਰਕਬਾ 62 ਕਨਾਲ 2 ਮਰਲੇ ਹਨ।ਪ੍ਰੋਜੈਕਟ ਦੀ ਡਿਟੇਲ ਹੇਠ ਅਨੁਸਾਰ ਹੈ :

**Project:** Construction and Demolition (C&D) Waste Management of Jalandhar City under **SMART City Mission of Jalandhar City**.

**Note:** Regarding Operation and Maintenance of above Project:

**Brief Description of the project**:

The project C&D waste management of Jalandhar is being taken up with the objective management of C&D waste in scientific and environmental friendly manner compliance with C&D waste management rules 2016. Total project cost approved from PMIDC is 6.37 Crore.

**Summary of Obligations and Responsibilities of Municipal Corporation:**

- MCJ shall provid upto 1800 Sqm. of land for the establishment of processing plants and facilitate its associated activities and 3000 sqm. for the Receiving, Storing, Segregation / Cursing of C&D waste. Total C&D Waste Storage, Processing, and Recycling area is 3 Acres (12,140sqm.).
- Electric consumption, water and sewerage connection etc. public utilities shall be provided by the MCJ and monthly charges shall be paid by the MCJ.
- C&D waste Collection and Transportation to the processing site will be carried out by the MCJ.
- Necessary approval from pollution control board and other Government agency shall be obtained by MCJ.
- Contractor will be paid by the authority (MCJ) a minimum O&M cost per Tone @ biding rate processing fee for Guaranteed feed quantity i.e. 50 T per day for 330 days in year. This cost will cover all consumables, spares and manpower for O&M of the facility. Which would be approximate 2500 per day (75000 per month).
- Rejects (non-aggregate material) shall be disposed off by the Authority (MCJ) at designated waste dumping site after request raised by the contractor.
- The entire range of products processed from C&D waste shall be the property of the Municipal Corporation of Jalandhar and the Corporation shall be free to utilise it by their desired way.
- Tile plant establishment and operation is depend upon further decision and approval of MCJ.

ਇਸ ਪੱਤਰ ਤੇ ਅਗਲੇਰੀ ਕਾਰਵਾਈ ਕਰਨ ਲਈ ਅਤੇ ਐਨ.ਓ.ਸੀ. ਦੇਣ ਸਬੰਧੀ ਕਮਿਸ਼ਨਰ ਜੀ ਪਾਸੋਂ ਪ੍ਰਵਾਨਗੀ ਲੈ ਲਈ ਜਾਵੇ।ਕਮਿਸ਼ਨਰ ਜੀ ਨੇ ਮਿਤੀ 16.1.2020 ਰਾਹੀਂ ਇਹ ਮਾਮਲਾ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.1.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-5

ਵਿਸ਼ਾ:- NOCs for the utilization of Municipal Corporation Land (4.5 acres) located near ganda Nala Jalandhar for the purpose of Solid waste Management of ABD area (Establishement of Waste Management and MRF Cetre).

ਪੜ੍ਹਿਆ ਦਫਤਰੀ ਨੋਟ ਪਟਵਾਰੀ, ਨਗਰ ਨਿਗਮ ਜਲੰਧਰ ਜਿਸ ਤੇ ਅਸਟੇਟ ਅਫਸਰ ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੇ ਆਫਿਸ ਵਿਚ ਜਲੰਧਰ ਸਮਾਰਟ ਸਿਟੀ ਲਿਮਿਟਡ ਦੇ ਸੀ.ਈ.ਓ. ਜੀ ਵਲੋਂ ਭੇਜਿਆ ਹੋਇਆ ਪੱਤਰ ਨੰ: ਸੀ.ਈ.ਓ.: ਜੇ.ਐਸ.ਸੀ.ਐਲ.:2019/539 ਮਿਤੀ 6.6.2019 ਪ੍ਰਾਪਤ ਹੋਇਆ ਹੈ। ਜਲੰਧਰ ਸਮਾਰਟ ਸਿਟੀ ਲਿਮਿਟਡ ਵਾਲੇ ਬਸਤੀ ਬਾਵਾ ਖੇਲ ਨੇੜੇ ਗੰਦਾ ਨਾਲ ਵਿਖੇ ਸੋਲਿਡ ਵੇਸਟ ਮੈਨਜਮੈਂਟ ਲਗਾਉਣ ਲਈ ਐਨ.ਓ.ਸੀ. ਦੀ ਮੰਗ ਕਰ ਰਹੇ ਹਨ। ਇਸ ਸਾਈਟ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਜਮੀਨ ਨਗਰ ਨਿਗਮ ਦੀ ਮਾਲਕੀ ਜਮੀਨ ਹੈ। ਇਸ ਦਾ ਕੁਲ ਰਕਬਾ 27 ਕਨਾਲ 11 ਮਰਲੇ ਹਨ। ਪ੍ਰੋਜੈਕਟ ਦੀ ਡਿਟੇਲ ਹੇਠ ਅਨੁਸਾਰ ਹੈ :

**Project:** Solid Waste Management Plan for ABD Area of Jalandhar City) under **SMART City Mission of Jalandhar City**

**Note:** Regarding Operation and Maintenance of above Project:

**Brief Description of the project**:

The collection, Storage & Transportation of waste has been planned is segregated manner, for the processing and material recovery from collected MSW waste. Bio-degradable waste and Non-Biodegradable waste would be collected and transported on daily basis. The Bio-degradable would be transported to designated Bio-Composting site for processing into manure which will be utilized. Waste Management cum MRF (material recovery facility) center shall be established for the segregation and processing of Bio-degradable as well as recyclable waste. Waste transfer to MRF centers for shall be processed following with the rule of recovery, recycling & reuse. The inert portion and rejects from non-recyclable would be only land filled in dump site. The estimated cost for Solid Waste Management (SWM) is **119,006,154 Cr and** 12 months' timeframe for construction completion.

**Summary of Obligations and Responsibilities of Municipal Corporation:**

- MCJ shall be provided the land for the establishment of waste processing and MRF Center near Ganda Nala Jalandhar.
- For MRF center's Electric consumption, water and sewerage connection etc. public utilities shall be provided by the MCJ and monthly charges shall be paid by the MCJ.
- MRF Center would be the property of MCJ therefore all the unforeseen incidental expenditures required during operation of the project shall be beard by the MCJ.
- Required Manpower for Solid waste Collection and Transportation shall be employed by MCJ.
- Necessary approval from pollution control board and other Government agency shall be obtained by MCJ.
- Rejects (non-aggregate material) shall be disposed off by the Authority at designated waste dumping site after request raised by the contractor.
- The entire range of products processed material i.e. Compost, Bailed plastic and papers and recyclables etc, shall be the property of the Municipal Corporation of Jalandhar and the Corporation shall be free to utilize it by their desired way.

ਇਸ ਕੇਸ ਤੇ ਅਗਲੇਰੀ ਕਾਰਵਾਈ ਕਰਨ ਲਈ ਕਮਿਸ਼ਨਰ ਜੀ ਪਾਸੋਂ ਪ੍ਰਵਾਨਗੀ ਲੈ ਲਈ ਜਾਵੇ। ਕਮਿਸ਼ਨਰ ਜੀ ਨੇ ਮਿਤੀ 16.1.2020 ਰਾਹੀਂ ਇਹ ਮਾਮਲਾ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.1.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

ਮਤਾ ਨੰ:-6

**Subject:-** **NOC** for Installation, Operation and Maintenance of 5 Years for Automatic Sanitary Napkin Vending Machines & Electric Incinerators at Various Locations in Jalandhar under Jalandhar Smart City Project AND undertaking for payment of O&M Cost of Sanitary Napkin vending machine and the Electric Incinerators.

ਪੜ੍ਹਿਆ ਨੋਟ ਸਹਾਇਕ ਨਿਗਮ ਇੰਜੀਨੀਅਰ ਮਿਤੀ 11.12.2019 ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਬੀ ਐਂਡ ਆਰ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਰਿਪੋਰਟ ਕੀਤੀ ਜਾਂਦੀ ਹੈ ਕਿ ਜਲੰਧਰ ਸਮਾਰਟ ਸਿਟੀ ਲਿਮਿਟਡ ਕੰਪਨੀ ਵਲੋਂ ਨਗਰ ਨਿਗਮ ਦੇ ਸਹਿਯੋਗ ਨਾਲ ਜਲੰਧਰ ਸ਼ਹਿਰ ਵਿਚ ਵੱਖ-ਵੱਖ ਥਾਵਾਂ ਤੇ ਸੈਨੇਟਰੀ ਮਸ਼ੀਨ ਅਤੇ ਇਲੈਕਟਰਿਕ ਇਨਸੀਨਰੇਟਰ ਲਗਾਉਣ ਲਈ ਐਨ.ਓ.ਸੀ. ਲੈਣ ਲਈ ਪੱਤਰ ਪ੍ਰਾਪਤ ਹੋਇਆ ਹੈ।ਇਸ ਕੰਪਨੀ ਵਲੋਂ ਨਗਰ ਨਿਗਮ ਦੀ ਹੱਦ ਅੰਦਰ ਵੱਖ-ਵੱਖ ਥਾਵਾਂ ਤੇ ਕੁੱਲ 76 ਸੈਨੇਟਰ ਨੈਪਕਿਨ ਵੈਡਿੰਗ ਮਸ਼ੀਨ ਲਗਾਈਆਂ ਜਾਣਗੀਆਂ, ਜਿਸ ਦੀ ਡਿਟੇਲ ਹੇਠ ਅਨੁਸਾਰ ਹੈ।

| Sr No | Locations | Proposed No of vending machines to be installed | Proposed No of Electric Incinerators to be installed | Concerned Authority |
|---|---|---|---|---|
| 1 | Government Secondary & Senior Secondary Girls Schools (19 no.) | 0 | 0 | District Education Officer (Secondary) ( NOC not Received) |
| 2 | Railway Station | 0 | 0 | DRM, Firozpur,Div. Office, Northern Rly. (Denied to install as one machine is already in operation) |
| 3 | Bus Stand | 5 | 5 | GM, ISBT Jalandhar, Punjab Roadways |
| 4 | Currently functional Public Toilets (25no), Including 3 Rainbasera (Railway Stn., Domoria Pull, Babrik Chowk), and <u>40 under construction toilets have been also included, which are likely to complete in next 2-3 months</u> | 65 | 65 | MCJ |
| 5 | Public/Civil Hospitals (1 no) | 2 | 2 | Medical Superintendent, Civil Hospital Jalandhar. **(NOC received)** |
| 6 | Rai Jada Hansraj Badminton Stadium (Girls Washroom) | 1 | 1 | District Sports Officer (DSO), Jalandhar **(NOC received)** |
| 7 | Sports School Jalandhar (Sweeming Pool Girls Bathroom) | 1 | 1 | District Sports Officer (DSO), Jalandhar **(NOC received)** |
| 8 | Gandhi Vanita Ashram, Kapurthala Road | 2 | 2 | District Programme Officer, Department of Social Security, Women and Child Development. **(NOC received)** |
| | **Total** | **76** | **76** | |

ਕੰਪਨੀ ਵਲੋਂ ਤਿਆਰ ਕੀਤੇ ਗਏ ਇਸ ਤਖਮੀਨੇ ਦੀ ਲਾਗਤ 93,18,818/- ਹੋਵੇਗੀ, ਜਿਸ ਅਨੁਸਾਰ ਇਹ ਮਸ਼ੀਨਾਂ ਖਰੀਦਣ ਅਤੇ ਲਗਾਉਣ ਦੀ ਲਾਗਤ 57,58,976 + 0.5% ਰੁਪਏ ਹੋਵੇਗੀ, ਜ਼ੋ ਕਿ ਸਮਾਰਟ ਸਿਟੀ ਕੰਪਨੀ ਵਲੋਂ ਖਰਚੀ ਜਾਵੇਗੀ ਪਰ ਉਪਰੋਕਤ ਪੱਤਰ ਰਾਹੀਂ ਉਪਰੋਕਤ ਮਸ਼ੀਨਾਂ ਦਾ ਉਪਰੇਸ਼ਨ ਅਤੇ ਮੇਨਟੀਨੈਂਸ ਕੋਸਟ ਬਾਰੇ ਸਮਾਰਟ ਸਿਟੀ ਲਿਮਿਟਡ ਕੰਪਨੀ ਵਲੋਂ ਨਗਰ ਨਿਗਮ ਜਲੰਧਰ ਨੂੰ ਕਿਹਾ ਗਿਆ ਹੈ, ਜਿਸਦੀ 5 ਸਾਲਾਂ ਦੀ ਲਾਗਤ ਰੁਪਏ 35,13,480+0.5% ਆਵੇਗੀ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਕੰਪਨੀ ਵਲੋਂ ਇਹਨਾਂ ਮਸ਼ੀਨਾਂ ਵਿਚੋਂ ਸਮਾਨ ਲੈਣ ਲਈ ਜ਼ੋ ਯੂਜਰ ਚਾਰਜਜ ਰੱਖੇ ਗਏ ਹਨ ਉਹ ਇਸ ਪ੍ਰਕਾਰ ਹਨ:-

1. ਇੱਕ ਸੈਨੇਟਰੀ ਨੈਪਕਿਨ 5 ਰੁਪਏ
2. ਇੱਕ ਸੈਟ ਆਫ 3 ਸੈਨਟਰੀ ਨੈਪਕਿਨ 10 ਰੁਪਏ

ਉਪਰੋਕਤ ਮਸੀਨਾਂ ਦਾ ਰੱਖ-ਰਖਾਵ ਦਾ 5 ਸਾਲ ਦਾ ਖਰਚਾ ਰੁਪਏ 35,13,480+0.5% ਪ੍ਰਵਾਨਗੀ ਕਰਨ ਅਤੇ ਸਮਾਰਟ ਸਿਟੀ ਲਿਮਿਟਡ ਕੰਪਨੀ ਨੂੰ ਐਨ.ਓ.ਸੀ. ਜਾਰੀ ਕਰਨ ਲਈ ਹਾਉਸ ਵਿਚ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ।ਕਮਿਸ਼ਨਰ ਜੀ ਨੇ ਮਿਤੀ 31.12.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 9.1.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਅਜਿਹੀ ਮਸੀਨ ਨਕੋਦਰ ਰੋਡ ਤੇ ਸਥਿਤ ਨਾਰੀ ਨਿਕੇਤਨ ਟਰੱਸਟ ਦੇ ਅੰਦਰ ਵੀ ਲਗਵਾਈ ਜਾਵੇ। ਜਿਸ ਦੀ ਹਾਊਸ ਵਲੋਂ ਪ੍ਰਵਾਨਗੀ ਦਿੱਤੀ ਗਈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-7**

ਵਿਸ਼ਾ:- ਮਤਾ ਨੰ:166 ਮਿਤੀ: 18.10.2018,120 ਫੁੱਟੀ ਰੋਡ ਵਿਖੇ ਨਗਰ ਨਿਗਮ ਦੀ ਮਲਕੀਤੀ ਵਾਲੀ ਜਮੀਨ ਜੋ ਕਿ ਸ਼੍ਰੀ ਗੁਰੂ ਰਵੀਦਾਸ ਜੀ ਕਮਿਉਨਿਟੀ ਹਾਲ ਵਾਸਤੇ ਰਾਖਵੀਂ ਰੱਖੀ ਗਈ ਸੀ, ਉਸ ਭੋਂ ਦੀ ਵਰਤੋਂ ਕਰਨ ਬਾਰੇ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਮਿਤੀ 17.1.2020 ਕਿ ਉਪਰੋਕਤ ਵਿਸ਼ੇ ਸਬੰਧੀ ਨਗਰ ਨਿਗਮ, ਜਲੰਧਰ ਦੇ ਮਾਨਯੋਗ ਹਾਊਸ ਵੱਲੋਂ ਪਹਿਲੇ ਵੀ ਮਤਾ ਨੰ:23 ਮਿਤੀ: 06.09.2017 ਨੂੰ ਪ੍ਰਵਾਨ ਕਰਕੇ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ ਅਤੇ ਜਿਸ ਦੇ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਵੱਲੋਂ ਪੱਤਰ ਨੰ: ਸ5-ਡਸਸ-ਮਸਸ-18/71668 ਮਿਤੀ:19.12.2018 ਰਾਹੀ ਹੇਠ ਲਿਖੇ ਅਨੁਸਾਰ ਨੁਕਤਿਆਂ ਤੇ ਸਪੱਸ਼ਟ ਰਿਪੋਰਟ ਭੇਜਣ ਬਾਰੇ ਕਿਹਾ ਗਿਆ ਸੀ:-

1. ਇਹ ਜਗ੍ਹਾਂ ਕਿਸ ਮੰਤਵ ਲਈ ਦਿੱਤੀ ਜਾਣੀ ਹੈ?
2. ਇਹ ਜਗ੍ਹਾਂ ਸ਼੍ਰੀ ਗੁਰੂ ਰਵੀਦਾਸ ਐਜੂਕੇਸ਼ਨ ਐਂਡ ਕਲਚਰ ਸੈਂਟਰ, ਜਲੰਧਰ ਨੂੰ ਕਿਹੜੀਆਂ ਟਰਮਜ ਅਤੇ ਕੰਡੀਸਨਜ਼ ਤੇ ਦਿੱਤੀ ਜਾਵੇਗੀ?
3. ਕੀ ਇਹ ਜਗ੍ਹਾ ਸਬੰਧਤ ਸੰਸਥਾ ਮੁੱਲ ਦਿੱਤੀ ਜਾਵੇਗੀ/ਮੁਫਤ ਦਿੱਤੀ ਜਾਵੇਗੀ/ਲੀਜ ਤੇ ਦਿੱਤੀ ਜਾਵੇਗੀ?
4. ਕੀ ਇਹ ਜਗ੍ਹਾ ਦੇਂਣ ਤੋਂ ਬਾਅਦ ਇਸ ਥਾਂ ਦੀ ਮਲਕੀਅਤ ਨਗਰ ਨਿਗਮ ਦੀ ਹੋਵੇਗੀ ਜਾਂ ਸਬੰਧਤ ਸੰਸਥਾ ਦੀ ਹੋਵੇਗੀ?

ਉਪਰੋਕਤ ਦੇ ਸਬੰਧ ਵਿੱਚ ਨਗਰ ਨਿਗਮ ਜਲੰਧਰ ਵੱਲੋਂ ਪੱਤਰ ਨੰ:172/CE/WS/G ਮਿਤੀ:05.03.2019 ਨੂੰ ਸਰਕਾਰ ਨੂੰ ਹੇਠ ਲਿਖੇ ਅਨੁਸਾਰ ਜਵਾਬ ਭੇਜਿਆ ਗਿਆ ਸੀ:-

| ਲੜੀ ਨੰ: | ਪ੍ਰਸ਼ਨ | ਜਵਾਬ |
|---|---|---|
| 1 | ਇਹ ਜਗ੍ਹਾਂ ਕਿਸ ਮੰਤਵ ਲਈ ਦਿੱਤੀ ਜਾਣੀ ਹੈ? | ਇਹ ਜਗ੍ਹਾਂ ਸ਼੍ਰੀ ਗੁਰੂ ਰਵਿਦਾਸ ਕਮਿਉਨਿਟੀ ਹਾਲ ਵਾਸਤੇ ਵਰਤੀ ਜਾਵੇਗੀ। |
| 2 | ਇਹ ਜਗ੍ਹਾਂ ਸ਼੍ਰੀ ਗੁਰੂ ਰਵੀਦਾਸ ਐਜੂਕੇਸ਼ਨ ਐਂਡ ਕਲਚਰ ਸੈਂਟਰ, ਜਲੰਧਰ ਨੂੰ ਕਿਹੜੀਆਂ ਟਰਮਜ ਅਤੇ ਕੰਡੀਸਨਜ਼ ਤੇ ਦਿੱਤੀ ਜਾਵੇਗੀ? | ਮਾਨਯੋਗ ਹਾਊਸ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ। |
| 3 | ਕੀ ਇਹ ਜਗ੍ਹਾ ਸਬੰਧਤ ਸੰਸਥਾ ਮੁੱਲ ਦਿੱਤੀ ਜਾਵੇਗੀ/ ਮੁਫਤ ਦਿੱਤੀ ਜਾਵੇਗੀ/ਲੀਜ ਤੇ ਦਿੱਤੀ ਜਾਵੇਗੀ? | ਇਸ ਸਬੰਧੀ ਮਾਨਯੋਗ ਹਾਉਸ ਵੱਲੋਂ ਜਗ੍ਹਾ ਸਬੰਧਤ ਸੰਸਥਾ ਮੁੱਲ ਦਿੱਤੀ ਜਾਵੇਗੀ/ਮੁਫਤ ਦਿੱਤੀ ਜਾਵੇਗੀ/ਲੀਜ ਤੇ ਦਿੱਤੀ ਜਾਵੇਗੀ ਕੋਈ ਫੈਸਲਾ ਨਹੀ ਲਿਆ ਗਿਆ ਹੈ, ਪ੍ਰੰਤੂ ਨਗਰ ਨਿਗਮਾਂ ਦੀ ਜਗ੍ਹਾਂ ਧਾਰਮਿਕ ਕੰਮਾਂ ਦੇ ਲਈ ਅਲਾਟ ਕਰਨ ਸਬੰਧੀ ਸਰਕਾਰ ਵੱਲੋਂ ਆਪਣੇ ਮੀਮੋ ਨੰ:8/14/2013-4ਸਸ3/106231/1, ਮਿਤੀ:04.10.2013 ਪਾਲਿਸੀ ਲਾਗੂ ਕੀਤੀ ਗਈ ਹੈ। |
| 4 | ਕੀ ਇਹ ਜਗ੍ਹਾ ਦੇਣ ਤੋਂ ਬਾਅਦ ਇਸ ਥਾਂ ਦੀ ਮਲਕੀਅਤ ਨਗਰ ਨਿਗਮ ਦੀ ਹੋਵੇਗੀ ਜਾਂ ਸਬੰਧਤ ਸੰਸਥਾ ਦੀ ਹੋਵੇਗੀ ? | ਮਾਨਯੋਗ ਹਾਊਸ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ। |

ਉਪਰੋਕਤ ਲੜੀ ਨੰ:3 ਵਿੱਚ ਦਿੱਤੇ ਗਏ ਜਵਾਬ/ਸਪਸ਼ਟੀਕਰਣ ਦੇ ਅਧਾਰ ਤੇ ਮਾਨਯੋਗ ਹਾਉਸ ਦੇ ਮਤਾ ਨੰ:166 ਮਿਤੀ:18.10.2018 ਰਾਹੀ ਤਜਵੀਜ ਪ੍ਰਵਾਨ ਕੀਤੀ ਜਾ ਚੁੱਕੀ ਹੈ, ਕਿ ਇਹ ਜਗ੍ਹਾਂ ਸਬੰਧਤ ਸੰਸਥਾ ਨੂੰ ਮੁਫਤ ਦਿੱਤੀ ਜਾਵੇਗੀ।

ਪ੍ਰੰਤੂ ਉਕਤ ਦਸਰਾਏ ਗਏ ਲੜੀ ਨੰ:2 ਅਤੇ 4 ਦੇ ਸਬੰਧ ਕੋਈ ਵੀ ਰਿਪੋਰਟ ਜਾਂ ਸਪੱਸ਼ਟੀਕਰਣ ਸਰਕਾਰ ਨੂੰ ਨਹੀ ਭੇਜੀਆ ਗਈਆ।ਲੜੀ ਨੰਬਰ 2 ਅਤੇ 4 ਅਧੀਨ ਲਿਖਿਤ ਪ੍ਰਸ਼ਨਾਂ ਦੇ ਜਵਾਬ/ਸ਼ਪੱਸ਼ਟੀਕਰਣ ਸਰਕਾਰ ਨੂੰ ਭੇਜਣ ਦੇ ਹਿੱਤ ਮਾਨਯੋਗ ਹਾਉਸ ਦੀ ਮਿਤੀ:24.12.2019 ਹੋਈ ਮੀਟਿੰਗ ਵਿੱਚ ਮਤਾ ਨੰ:134 ਰਾਹੀ ਵਿਚਾਰ ਕਰਨ ਤੋਂ ਬਾਅਦ ਫੈਸਲਾ ਹੋਇਆ ਕਿ ਲੜੀ ਨੰ:2 ਅਤੇ 4 ਸਬੰਧੀ ਫੈਸਲਾ ਲੈਣ ਹਿੱਤ ਸੀਨੀਅਰ ਡਿਪਟੀ ਮੇਅਰ ਜੀ ਨੂੰ ਇੱਕ ਕਮੇਟੀ ਦਾ ਗਠਨ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਤਿੰਨ ਚਾਰ ਹੋਰ ਕੌਸਲਰਾਂ ਨੂੰ ਕਮੇਟੀ ਵਿੱਚ ਮੈਂਬਰ ਸ਼ਾਮਲ ਕਰਨ ਲਿਆ ਜਾਵੇ।ਇਸ ਦੇ ਨਾਲ ਹੀ ਹਾਉਸ ਦੇ ਪਹਿਲੇ ਤੋਂ ਪਾਸ ਮਤਾ ਨੰ: 166 ਮਿਤੀ:18.10.2018 ਨੂੰ ਲਏ ਗਏ ਫੈਸਲੇ ਅਨੁਸਾਰ ਸ਼੍ਰੀ ਗੁਰੂ ਰਵੀਦਾਸ ਐਜੂਕੇਸ਼ਨ ਐਂਡ ਕਲਚਰ ਸੈਂਟਰ ਨੂੰ ਇਸ ਕਮਿਉਨਿਟੀ ਹਾਲ ਬਨਾਉਣ ਵਾਸਤੇ ਇੱਕ ਏਕੜ ਜਗ੍ਹਾ ਮੁਫਤ ਦੇਣ ਦਾ ਫੈਸਲਾ ਨੂੰ ਹੀ ਸਹੀ ਪ੍ਰਵਾਨਤ ਕੀਤਾ ਗਿਆ।

ਮਾਨਯੋਗ ਹਾਉਸ ਵੱਲੋਂ ਉਕਤ ਤੱਥਾਂ ਦੇ ਸਨਮੁੱਖ ਸੀਨੀਅਰ ਡਿਪਟੀ ਮੇਅਰ ਜੀ ਨੂੰ ਕਮੇਟੀ ਦੇ ਗਠਨ ਲਈ ਦਿੱਤੇ ਗਏ ਅਧਿਕਾਰ ਨੂੰ ਮੁੱਖ ਰੱਖਦੇ ਹੋਏ ਉਹਨਾਂ ਵੱਲੋਂ ਕਮੇਟੀ ਦੇ ਚੇਅਰਮੈਨ ਵਜੋ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਗਿਆ :-

| ਮੈਂਬਰਾਂ ਦੇ ਨਾਮ | ਅਹੁਦਾ | ਨੁਕਤਿਆ ਦਾ ਵੇਰਵਾ ਜਿਸ ਦੇ ਸਬੰਧੀ ਕਮੇਟੀ ਵੱਲੋਂ ਫੈਸਲਾ ਲਿਆ ਜਾਣਾ ਹੈ। |
|---|---|---|
| 1. ਡਿਪਟੀ ਮੇਅਰ | ਮੈਂਬਰ | 1. ਇਹ ਜਗ੍ਹਾ ਸ਼੍ਰੀ ਗੁਰੂ ਰਵੀਦਾਸ ਐਜੁਕਸ਼ਨ ਐਡ ਕਲਚਰ ਸੈਂਟਰ ਜਲੰਧਰ ਨੂੰ ਕਿਹੜੀ ਟਰਮਜ ਐਂਡ ਕੰਡੀਸ਼ਨਜ ਤੇ ਦਿੱਤੀ ਜਾਵੇਗੀ? |
| 2. ਸ਼੍ਰੀਮਤੀ ਸੁਨੀਤਾ ਰਿੰਕੂ, ਕੌਂਸਲਰ (ਵਾਰਡ ਨੰ:42) | ਮੈਂਬਰ | |
| 3. ਸ਼੍ਰੀਮਤੀ ਰੀਨਾ ਕੌਰ, ਕੌਂਸਲਰ (ਵਾਰਡ ਨੰ:59) | ਮੈਂਬਰ | 2. ਕੀ ਇਹ ਜਗ੍ਹਾ ਦੇਣ ਤੋਂ ਬਾਅਦ ਇਸ ਥਾਂ ਦੀ ਮਲਕੀਅਤ ਨਗਰ ਨਿਗਮ ਦੀ ਹੋਵੇਗੀ ਜਾਂ ਸਬੰਧਤ ਸੰਸਥਾ ਦੀ ਹੋਵੇਗੀ? |
| 4. ਸ਼੍ਰੀਮਤੀ ਪਰਮਜੀਤ ਕੌਰ, ਕੌਂਸਲਰ (ਵਾਰਡ ਨੰ:29) | ਮੈਂਬਰ | |
| 5. ਸ:ਨਿਰਮਲ ਸਿੰਘ, ਕੌਂਸਲਰ (ਵਾਰਡ ਨੰ:6) | ਮੈਂਬਰ | |

ਉਕਤ ਅਨੁਸਾਰ ਸੀਨੀਅਰ ਡਿਪਟੀ ਮੇਅਰ ਜੀ ਵੱਲੋਂ ਬਤੌਰ ਚੇਅਰਮੈਨ ਗਠਿਤ ਕੀਤੀ ਗਈ ਕਮੇਟੀ ਦੀ ਮਿਤੀ: 10.01.2020 ਅਤੇ ਮਿਤੀ: 15.01.2020 ਨੂੰ ਕਮੇਟੀ ਦੇ ਮੈਂਬਰਾਂ ਨਾਲ ਹੋਈ ਮੀਟਿੰਗ ਦੌਰਾਨ ਉਕਤ ਨੁਕਤਿਆ ਤੇ ਵਿਚਾਰ-ਵਟਾਂਦਰਾਂ ਕਰਨ ਉਪਰੰਤ ਮੈਂਬਰ ਸਹਿਬਾਨ ਵੱਲੋਂ ਸਰਵਸੰਮਤੀ ਨਾਲ ਸ਼੍ਰੀ ਗੁਰੂ ਰਵੀਦਾਸ ਐਜੁਕਸ਼ਨ ਐਡ ਕਲਚਰ ਸੈਂਟਰ ਜਲੰਧਰ ਨੂੰ ਕਮਿਊਨਿਟੀ ਹਾਲ ਦੀ ਉਸਾਰੀ ਲਈ ਜਗ੍ਹਾਂ ਹੈਡ ਓਵਰ ਦੇ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ:-

1) ਮਾਨਯੋਗ ਹਾਉਸ ਦੇ ਮਤਾ ਨੰ:166 ਮਿਤੀ:18.10.2018 ਅਨੁਸਾਰ ਜਗ੍ਹਾਂ ਸਬੰਧਤ ਸੰਸਥਾ ਨੂੰ ਮੁਫਤ ਦਿੱਤੀ ਜਾਵੇਗੀ।
2) ਇਸ ਜਗ੍ਹਾ ਦੀ ਮਾਲਕੀ ਨਗਰ ਨਿਗਮ, ਜਲੰਧਰ ਦੀ ਹੋਵੇਗੀ।
3) ਕਮਿਊਨਿਟੀ ਹਾਲ ਬਨਾਉਣ ਲਈ ਸਬੰਧਤ ਸੰਸਥਾ ਆਪਣੇ ਪੱਧਰ ਤੇ ਖਰਚ ਕਰੇਗੀ ਅਤੇ ਨਗਰ ਨਿਗਮ, ਜਲੰਧਰ ਪਾਸੋਂ ਫੰਡ ਦੀ ਮੰਗ ਨਹੀਂ ਕਰੇਗੀ।
4) ਇਹ ਜਗ੍ਹਾ ਸਿਰਫ ਕਮਿਊਨਿਟੀ ਹਾਲ ਲਈ ਹੀ ਵਰਤੀ ਜਾਵੇਗੀ।
5) ਇਹ ਜਗ੍ਹਾ ਸਬੰਧਤ ਸੰਸਥਾ ਕਿਸੇ ਹੋਰ ਨੂੰ ਲੀਜ ਤੇ ਜਾਂ ਹੀ ਕਿਰਾਏ ਤੇ ਨਹੀਂ ਦੇਵੇਗੀ।
6) ਇਸ ਜਗ੍ਹਾ ਤੇ ਸਬੰਧਤ ਸੰਸਥਾ ਵੱਲੋਂ ਕਮਿਊਨਿਟੀ ਹਾਲ ਦੀ ਉਸਾਰੀ ਨਗਰ ਨਿਗਮ, ਜਲੰਧਰ ਦੇ ਬਿਲਡਿੰਗ ਬਾਇਲਾਜ਼ ਅਨੁਸਾਰ ਕੀਤੀ ਜਾਵੇਗੀ।
7) ਇਸ ਕਮਿਊਨਿਟੀ ਹਾਲ ਦੇ ਰੱਖ-ਰੱਖਾਵ ਦੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ।
8) ਇਸ ਕਮਿਊਨਿਟੀ ਹਾਲ ਦਾ ਬਿਜਲੀ ਦਾ ਖਰਚਾ ਸਬੰਧਤ ਸੰਸਥਾ ਆਪਣੇ ਪੱਧਰ ਤੇ ਕਰੇਗੀ ਅਤੇ ਪਾਣੀ ਤੇ ਸੀਵਰੇਜ ਦੇ ਬਿੱਲ ਦੀ ਸੁਵਿਧਾ ਨਗਰ ਜਲੰਧਰ ਵੱਲੋਂ ਮੁੱਹਇਆ ਕਰਵਾਈ ਜਾਵੇਗੀ।
9) ਜੇਕਰ ਸਬੰਧਤ ਸੰਸਥਾ ਨੂੰ ਕਮਿਊਨਿਟੀ ਹਾਲ ਤੋਂ ਕਿਸੇ ਕਿਸਮ ਦੀ ਆਮਦਨ ਪ੍ਰਾਪਤ ਹੁੰਦੀ ਹੈ ਤਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਬਣਦਾ ਹਿੱਸਾ ਨਗਰ ਨਿਗਮ, ਜਲੰਧਰ ਪਾਸ ਜਮ੍ਹਾਂ ਕਰਵਾਣਾ ਪਵੇਗਾ।
10) ਇਸ ਕਮਿਉਨਿਟੀ ਹਾਲ ਦਾ ਰੱਖ-ਰੱਖਾਵ ਕਰਨ ਵਾਲੀ ਸਬੰਧਤ ਸੰਸਥਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਜ਼ੂਰਸ਼ੁਦਾ ਹੋਣੀ ਚਾਹੀਦੀ ਹੈ।
11) ਸਬੰਧਤ ਸੰਸਥਾ ਇਸ ਕਮਿਊਨਿਟੀ ਹਾਲ ਵਿੱਚ ਕਿਸੇ ਤਰ੍ਹਾਂ ਦੀ ਅਦਲਾ-ਬਦਲੀ ਨਗਰ ਨਿਗਮ ਦੀ ਮੰਜੂਰੀ ਤੋਂ ਬਗੈਰ ਨਹੀਂ ਕਰ ਸਕਦੀ।
12) ਨਗਰ ਨਿਗਮ, ਜਲੰਧਰ ਨੂੰ ਇਹ ਹੱਕ ਹੋਵੇਗਾ ਕਿ ਜਦੋ ਵੀ ਉਹ ਚਾਹੇ ਸੰਸਥਾ ਨਾਲ ਕੀਤੇ ਗਏ ਇਕਰਾਰਨਾਮੇ ਰੱਦ ਕਰ ਸਕਦਾ ਹੈ ਅਤੇ ਸਬੰਧਤ ਸੰਸਥਾ ਇਸ ਸਬੰਧੀ ਕਿਸੇ ਤਰ੍ਹਾ ਦਾ ਕਾਨੂੰਨੀ ਸਹਾਰਾ ਨਹੀ ਲਵੇਗੀ।
13) ਸਬੰਧਤ ਸੰਸਥਾ ਨੂੰ ਇਸ ਕਮਿਊਨਿਟੀ ਹਾਲ ਦਾ ਸਲਾਨਾ ਆਮਦਨ ਦਾ ਲੇਖਾ ਜੋਖਾ ਚਾਰਟਡ ਅਕਾਊਟੇਂਟ ਪਾਸੋ ਤਸਦੀਕ ਕਰਵਾ ਕੇ ਨਗਰ ਨਿਗਮ, ਜਲਧੰਰ ਪਾਸ ਜਮ੍ਹਾ ਕਰਵਾਣਾ ਪਵੇਗਾ।
14) ਸਬੰਧਤ ਸੰਸਥਾ ਵੱਲੋਂ ਕਮਿਊਨਿਟੀ ਹਾਲ ਤੇ ਕਿਸੇ ਵੀ ਤਰ੍ਹਾ ਦੀ ਇਸ਼ਤਿਹਾਰ ਬਾਜੀ ਨਹੀ ਕੀਤੀ ਜਾਵੇਗੀ।
15) ਸਬੰਧਤ ਸੰਸਥਾ ਦੀ ਮੈਨੀਜਿੰਗ ਕਮੇਟੀ ਵਿੱਚ ਨਗਰ ਨਿਗਮ, ਜਲੰਧਰ ਦੇ ਮੌਜੂਦਾ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਮੈਂਬਰ ਹੋਣਗੇ।
16) ਜੇਕਰ ਨਗਰ ਨਿਗਮ, ਜਲੰਧਰ ਨਾਲ ਸਬੰਧਤ ਪਰਿਵਾਰ ਜਾਂ ਆਰਥਿਕ ਤੌਰ ਤੇ ਜਰੂਰਤਮੰਦ ਪਰਿਵਾਰ ਵੱਲੋਂ ਸਮਾਗਮ ਕੀਤਾ ਜਾਂਦਾ ਹੈ ਤਾਂ ਉਹ ਸਧਾਰਨ ਫੀਸ ਲੈ ਕੇ ਕੀਤਾ ਜਾਵੇਗਾ।
17) ਸਬੰਧਤ ਸੰਸਥਾ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਨੂੰ ਇੰਨ-ਬਿਨ ਮੰਨਣ ਲਈ ਪਾਬੰਦ ਹੋਵੇਗੀ।

ਉਪਰੋਕਤ ਤਜਵੀਜ ਮਾਨਯੋਗ ਹਾਊਸ ਵਿੱਚ ਵਿਚਾਰ ਅਤੇ ਫੈਸਲਾ ਲੈਣ ਲਈ ਪੇਸ਼ ਹੈ।ਕਮਿਸ਼ਨਰ ਜੀ ਨੇ ਮਿਤੀ 7.2.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.2.2020 ਰਾਹੀਂ ਤਜਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-8**

ਵਿਸ਼ਾ :- ਬ੍ਰਹਮ ਕੁੰਡ ਪਰਿਸਰ ਦੇ ਵਿੱਚ ਪੈਂਦੀਆਂ ਦੁਕਾਨਾਂ ਦੇ ਕਿਰਾਏ ਸਬੰਧੀ।

ਪੜ੍ਹਿਆ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਮਿਤੀ 28.1.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਿਤੀ : 07.11.2019 ਨੂੰ ਮਾਨਯੋਗ ਮੇਅਰ ਸਾਹਿਬ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ ਇੰਜੀਨਿਅਰਿੰਗ ਬ੍ਰਾਂਚ ਨੂੰ ਬ੍ਰਹਮ ਕੁੰਡ ਮੰਦਿਰ ਦੇ ਪਰਿਸਰ ਅੰਦਰ ਪੈਂਦੀਆਂ ਕੁੱਲ 31 ਦੁਕਾਨਾਂ ਦਾ ਬਣਦਾ ਰੈਂਟ ਕੱਢਣ ਲਈ ਡਿਊਟੀ ਲਗਾਈ ਗਈ ਹੈ। ਜਿਸ ਦਾ ਮੌਕੇ ਤੇ ਸਰਵੇਖਣ ਕਰਨ ਉਪਰੰਤ ਵੱਖ-ਵੱਖ ਦੁਕਾਨਾਂ ਦੀ ਪੈਮਾਇਸ਼ ਕੀਤੀ ਗਈ ਹੈ। ਇਹ ਦੁਕਾਨਾਂ ਤਕਰੀਬਨ 25-30 ਸਾਲ ਪੁਰਾਣੀਆਂ ਬਣੀਆਂ ਹੋਈਆਂ ਹਨ ਅਤੇ ਇਹ ਦੁਕਾਨਦਾਰਾ ਵੱਲੋਂ ਖੁੱਦ ਆਪਣੇ ਆਪ ਬਣਾਈਆਂ ਗਈਆਂ ਹਨ। ਪੀ.ਡਬਲਯੂ.ਡੀ.(ਬੀ.ਐਂਡ.ਆਰ.), ਪੰਜਾਬ ਦੀ ਪ੍ਰਵਾਨਿਤ ਹਦਾਇਤਾਂ ਅਨੁਸਾਰ ਇਹਨਾਂ ਦੁਕਾਨਾਂ ਦੇ ਰੈਂਟ ਰੇਟ ਬਣਾ ਦਿੱਤੇ ਗਏ ਹਨ, ਉਹ ਹੇਠ ਲਿਖੇ ਅਨੁਸਾਰ ਹਨ :-

| Sr. No. | Length | Breadth | Area | Rent of Shop if Const. is done by Owner |
|---|---|---|---|---|
| 1 | 35'-6" | 30' | 1065 sft. | 6400 |
| 2 | 34 | 12 | 405 sft. | 2450 |
| 3 | 34 | 13'-9" | 467.5 sft. | 2850 |
| 4 | 36'-6" | 18'-6" | 675 sft. | 4050 |
| 5 | 36'-6" | 10' | 365 sft. | 2200 |
| 6 | 30' | 30' | 900 sft. | 5400 |
| 7 | 30' | 21'-3" | 637.5 sft. | 3850 |
| 8 | 30' | 11'-3" | 337.5 sft | 2050 |
| 9 | 30' | 16'-6" | 495 sft | 3000 |
| 10 | 30' | 15'-6" | 465 sft | 2800 |
| 11 | 13'-6" | 13'10" | 186.7 sft | 1150 |
| 12 | 13' | 16'-3" | 211 sft | 1300 |
| 13 | 28' | 23' | 644 sft | 3900 |
| 14 | 12 | 19' | 228 sft | 1400 |
| 15 | 17' | 8'-8" | 147 sft | 900 |
| 16 | 17' | 9' | 153 sft | 950 |
| 17 | 17' | 7' | 119 sft | 750 |
| 18 | 17' | 26' | 442 sft | 2700 |
| 19 | 17' | 10' | 170 sft | 1050 |
| 20 | 17' | 10'-10" | 184 sft | 1150 |
| 21 | 17' | 26' | 442 sft | 2700 |
| 22 | 17' | 20' | 340 sft | 2050 |
| 23 | 17' | 22' | 374 sft | 2250 |
| 24 | 17' | 25' | 425 sft | 2550 |
| 25 | 17' | 11'-6" | 195.5 sft | 1200 |
| 26 | 17' | 11'-6" | 195.6 sft | 1200 |
| 27 | 17' | 14' | 238 sft | 1450 |
| 28 | 17' | 40' | 680 sft | 4100 |
| 29 | 17' | 50' | 850 sft | 5100 |
| 30 | 18' | 12' | 216 sft | 1300 |
| 31 | 18' | 30' | 540 sft | 3250 |

ਉਪਰੋਕਤ ਬ੍ਰਹਮ ਕੁੰਡ ਮੰਦਿਰ ਦੇ ਪਰਿਸਰ ਅੰਦਰ ਪੈਂਦੀਆਂ ਕੁੱਲ 31 ਦੁਕਾਨਾਂ ਦਾ ਬਣਦਾ ਰੈਂਟ ਲਾਗੂ ਕਰਨ ਲਈ ਨਗਰ ਨਿਗਮ ਦੇ ਮਾਣਯੋਗ ਹਾਊਸ ਵਿੱਚ ਪ੍ਰਵਾਨਗੀ ਅਤੇ ਵਿਚਾਰ ਹਿੱਤ ਪੇਸ਼ ਹੈ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 28.1.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 30.1.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 4.02.2020 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।ਇਹ ਵੀ ਫੈਸਲਾ ਹੋਇਆ ਕਿ ਤਜਵੀਜ ਵਿਚ ਦਰਸਾਏ ਗਏ ਕਿਰਾਏ ਨੂੰ ਪ੍ਰਤੀ ਮਹੀਨਾ ਪੜ੍ਹਿਆ ਜਾਵੇ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-9

ਵਿਸ਼ਾ :- ਗਊਸ਼ਾਲਾ ਪਿੰਜਰਾ ਪੋਲ ਰਜਿ: ਨੂੰ ਨਗਰ ਨਿਗਮ ਦੀ ਜਗ੍ਹਾ ਅਲਾਟ ਕਰਨ ਬਾਰੇ।

ਪੜ੍ਹਿਆ ਦਫ਼ਤਰੀ ਨੋਟ ਪਟਵਾਰੀ ਨਗਰ ਨਿਗਮ ਜਲੰਧਰ ਜਿਸ ਦੀ ਸਿਫਾਰਿਸ਼ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਗਊਸ਼ਾਲਾ ਵਾਲਿਆ ਨੂੰ ਗਊਸ਼ਾਲਾ ਵਿੱਚ ਪਸ਼ੂਆਂ ਦੀ ਵੱਧ ਰਹੀ ਗਿਣਤੀ ਨੂੰ ਦੇਖਦੇ ਹੋਈ ਗਊਸ਼ਾਲਾ ਨਾਲ ਪਈ ਐਮ.ਸੀ.ਜੇ. ਜਮੀਨ ਰਕਬਾ 20 ਮਰਲੇ ਨੂੰ ਗਊਸ਼ਾਲਾ ਨੂੰ ਅਲਾਟ ਕਰਨ ਦੀ ਬੇਨਤੀ ਕੀਤੀ ਸੀ। ਗਊਸ਼ਾਲਾ ਨੂੰ ਜਗ੍ਹਾ ਅਲਾਟ ਕਰਨ ਦੀ ਕਾਰਵਾਈ ਕਰਦੇ ਹੋਏ, ਨਗਰ ਨਿਗਮ ਜਲੰਧਰ ਹਾਊਸ ਨੇ ਮਤਾ ਨੰ: 107 ਮਿਤੀ 25.6.2018 ਪਾਸ ਕੀਤਾ ਸੀ। ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ: ਸ5-ਡਸਸ-ਮਸਸ-18/38187 ਮਿਤੀ : 10.07.2018 ਰਾਹੀ ਨਗਰ ਨਿਗਮ ਜਲੰਧਰ ਨੂੰ ਸਵਾਲ ਕੀਤੇ ਸੀ। ਇਹਨਾਂ ਸਵਾਲਾ ਦੇ ਜਵਾਬ ਨਗਰ ਨਿਗਮ ਹਾਊਸ ਨੇ ਮਤਾ ਨੰਬਰ 141 ਮਿਤੀ : 18.10.2018 ਦੇ ਦਿੱਤੇ ਸੀ। ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ: ਸ5-ਡਸਸ-ਮਸਸ-19/38896 ਮਿਤੀ : 02.09.2019 ਰਾਹੀ ਮਤਾ ਨੰਬਰ 141 ਮਿਤੀ : 18.10.2018 ਸਬੰਧੀ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 8/87/95-2-ਐਲ.ਜੀ.-111/20066 ਮਿਤੀ : 13.11.1995 ਰਾਹੀ ਜਾਰੀ ਹਦਾਇਤਾਂ/ ਦਿਸ਼ਾ ਨਿਰਦੇਸ਼ਾ ਅਨੁਸਾਰ ਕਾਰਵਾਈ ਕਰਨ ਲਈ ਕਿਹਾ। ਇਸ ਕੇਸ ਤੇ ਅਗਲੇਰੀ ਕਾਰਵਾਈ ਕਰਨ ਲਈ ਪ੍ਰਵਾਨਗੀ ਲੈ ਲਈ ਜਾਵੇ।

ਲੇਖਾਕਾਰ ਨੇ ਆਪਣੇ ਨੋਟ ਮਿਤੀ : 13.01.2020 ਰਾਹੀ ਲਿਖਿਆ ਹੈ ਕਿ ਮਿਸਲ ਦੇ ਨਾਲ ਨੱਥੀ ਮਿਊਂਸੀਪਲ ਡਾਈਜੈਸਟ ਦੇ ਪੱਤਰ ਨੰ: 8/87/95-2-ਐਲ.ਜੀ.3/20066 ਮਿਤੀ : 13.11.1995 ਅਨੁਸਾਰ ਸਰਕਾਰ ਵੱਲੋ ਇਹ ਫੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਸੰਸਥਾਵਾਂ ਨੂੰ ਹੀ ਮਿਊਂਸੀਪਲ ਲੈਂਡਜ਼ ਨੂੰ ਲੀਜ਼ ਤੇ ਦਿੱਤਾ ਜਾ ਸਕਦਾ ਹੈ ਜੋ ਕਿ ਚੈਰੀਟੇਬਲ ਨੇਚਰ ਦੀਆਂ ਹੋਣ ਜਿਵੇ ਕਿ ਜਿਹੜੀਆਂ ਸੰਸਥਾਵਾਂ Children Wefare, Women Welfare, Widows Welfare, Old age and Disabled persons ਅਤੇ ਹੋਰ ਸੰਸਥਾਵਾਂ ਜੋ ਕਿ ਹੈਲਥ ਸਰਵਿਸ, ਮੈਂਟਲ ਹੈਲਥ ਸਰਵਿਸ ਅਤੇ De-Eddiction Centers ਬਣਾ ਰਹੀਆਂ ਹੋਣ।ਇਸ ਪੱਤਰ ਵਿੱਚ ਗਊਸ਼ਾਲਾ ਨੂੰ ਲੀਜ਼ ਤੇ ਦੇਣ ਲਈ ਦਿਸ਼ਾਂ ਨਿਰਦੇਸ਼ ਨਹੀਂ ਹਨ। ਇਸ ਲਈ ਇਸ ਬਾਰੇ ਸਰਕਾਰ ਪਾਸੋ ਸੇਧ ਪ੍ਰਾਪਤ ਕਰਨਾ ਯੋਗ ਹੋਵੇਗਾ।

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ ਵੱਲੋ ਲਿਖਿਆ ਗਿਆ ਹੈ ਕਿ As per Govt instructions the Municipal Land cannot be granted to Goushala on lease. This land can be allotted to Goushala with the condition that this land would be used for the purpose of keeping the Gouvansh after Construction of Shed with improving the condition that ownership of this land will remain of the Corporation. If the Goushala ready to take this land the same may be allowed to allotted after making Legal agreement with the authorities of Goushala.

ਕਮਿਸ਼ਨਰ ਜੀ ਨੇ ਮਿਤੀ : 21.01.2020 ਰਾਹੀ ਲਿਖਿਆ ਹੈ ਕਿ Only the right to use for cattle can be given. The ownership right will remain with Corporation.

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.01.2020 ਰਾਹੀ ਉਪਰੋਕਤ ਤਜਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-10**

ਵਿਸ਼ਾ:- ਨਗਰ ਨਿਗਮ ਦੀ ਪ੍ਰੈਸ ਕਟਿੰਗ ਅਤੇ ਸਹਾਇਤਾ ਪ੍ਰਾਪਤ ਰੀਡਿੰਗ ਰੂਮਜ ਲਈ ਅਖਬਾਰਾਂ ਦੀ ਸਪਲਾਈ ਸਬੰਧੀ ਟੈਂਡਰ ਮੰਗਣ ਬਾਰੇ ।

ਪੜ੍ਹਿਆ ਨੋਟ ਲਾਈਬ੍ਰੇਰੀਅਨ ਮਿਤੀ 7.1.2020 ਜਿਸ ਦੀ ਸਿਫਾਰਸ਼ ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 8.1.2020 ਰਾਹੀਂ ਕੀਤੀ ਹੈ ਕਿ ਅਖਬਾਰਾਂ ਦੀ ਸਪਲਾਈ ਦਾ ਠੇਕਾ ਮਿਤੀ 31.3.2020 ਨੂੰ ਖਤਮ ਹੋ ਰਿਹਾ ਹੈ। ਇਸ ਲਈ ਸਾਲ 2020-21 ਲਈ ਹਰ ਸਾਲ ਦੀ ਤਰ੍ਹਾਂ ਸ਼ਹਿਰ ਦੇ ਵੱਖ-ਵੱਖ ਅਖਬਾਰਾਂ ਸਪਲਾਈ ਕਰਨ ਵਾਲਿਆਂ ਤੋਂ ਇਸ ਸਬੰਧੀ ਟੈਂਡਰ ਮੰਗਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਸ ਉਪਰ ਲੱਗਭੱਗ ਰੁਪਏ 8.50 ਲੱਖ ਦਾ ਖਰਚ ਆਵੇਗਾ। ਇਹ ਖਰੀਦ ਨਿਯਮਾਂ ਅਨੁਸਾਰ ਈ-ਟੈਂਡਰ ਰਾਹੀਂ ਕੀਤੀ ਜਾਵੇਗੀ। ਇਸ ਦੀ ਮੰਜੂਰੀ ਨਗਰ ਨਿਗਮ ਹਾਊਸ ਤੋਂ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ।ਕਮਿਸ਼ਨਰ ਜੀ ਨੇ ਮਿਤੀ 10.1.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.1.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਰੱਖਣ ਦੇ ਆਦੇਸ਼ ਦਿੱਤੇ ਸਨ।

ਫੈਸਲਾ:

ਇਸ ਮੱਦ ਨੂੰ ਮੇਅਰ ਜੀ ਵਲੋਂ ਮਿਤੀ 18.6.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰ ਦਿਤਾ ਗਿਆ ਸੀ ਅਤੇ ਹਾਊਸ ਵਲੋਂ ਇਸ ਦੀ ਅੰਤਿਮ ਪ੍ਰਵਾਨਗੀ ਦਿੱਤੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-11**
ਵਿਸ਼ਾ:- ਟੈਬ ਅਤੇ ਪ੍ਰਿੰਟਰ ਲੈਣ ਸਬੰਧੀ ।

ਪੜ੍ਹਿਆ ਨੋਟ ਸਿਸਟਮ ਮੈਨੇਜ਼ਰ ਮਿਤੀ : 6.01.2020 ਰਾਹੀ ਲਿਖਿਆ ਗਿਆ ਹੈ ਕਿ ਸੁਪਰਡੰਟ ਪ੍ਰਾਪਰਟੀ ਟੈਕਸ ਵਿਭਾਗ ਵੱਲੋ ਮਿਤੀ : 03.01.2020 ਰਾਹੀ ਲਿਖਿਆ ਗਿਆ ਹੈ ਕਿ ਮਾਨਯੋਗ ਕਮਿਸ਼ਨਰ ਜੀ ਵੱਲੋ ਪ੍ਰਾਪਰਟੀ ਟੈਕਸ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ ਕੁੱਝ ਇੰਸਪੈਕਟਰ/ਕਲਰਕਾਂ ਦੀ ਡਿਊਟੀ ਲਗਾਈ ਗਈ ਹੈ। ਉਹਨਾਂ ਨੂੰ ਪ੍ਰਾਪਰਟੀ ਟੈਕਸ ਦੀਆਂ ਰਿਟਰਨਾਂ ਫਾਇਲ ਕਰਨ ਲਈ 5 ਟੈਬ ਅਤੇ 5 ਛੋਟੇ ਪ੍ਰਿੰਟਰ ਲੋੜੀਂਦੇ ਹਨ। ਇਸ ਤੋਂ ਇਲਾਵਾ 1 ਮਲਟੀਫਕਸ਼ਨਰ ਪ੍ਰਿੰਟਰ ਵੀ ਲੋੜੀਂਦਾ ਹੈ। ਸੰਯੁਕਤ ਕਮਿਸ਼ਨਰ ਨੇ ਮਿਤੀ 3.1.2020 ਰਾਹੀਂ ਉਕਤ ਸਮਾਨ ਸਬੰਧਤ ਸ਼ਾਖਾ ਨੂੰ ਮੁਹੱਈਆਂ ਕਰਵਾਉਣ ਲਈ ਸਿਸਟਮ ਮੈਂਨੇਜਰ ਨੂੰ ਤਖਮੀਨਾ ਤਿਆਰ ਕਰਨ ਲਈ ਲਿਖਿਆ ਗਿਆ ਹੈ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਪ੍ਰਿੰਟਰ ਅਤੇ ਕੰਪਿਊਟਰ ਟੈਬ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ। ਇਸ ਦਾ ਤਖਮੀਨਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ: | ਵੇਰਵਾ | ਸੰਖਿਆ | ਰੇਟ (ਪ੍ਰਤੀ ਸਮਾਨ) | ਕੁਲ ਕੀਮਤ |
|---|---|---|---|---|
| 1. | ਮਲਟੀਫਕਸ਼ਨਰ ਪ੍ਰਿੰਟਰ | 1 | 19000/- | 19000/- |
| 2. | Tablate (Android 7.0 or above, 2 GB Ram, Minimum Quard Core, 1.3 Ghz or higher, Display 8 inches or higher, 16 GB Internal Capacity. | 5 | 16100/- | 80500/- |
| 3 | Epson TM-P20 (EPSON) Thermal Portable/hand Held Printer | 5 | 12160/- | 60800/- |
| | | | **ਕੁਲ ਕੀਮਤ** | **160300/-** |

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿਤਾ ਗਿਆ ਹੈ। ਜੈਮ ਰੇਟਾਂ ਦੇ ਅਨੁਸਾਰ ਇਸ ਸਮਾਨ ਦੀ ਖਰੀਦ ਤੇ ਲੱਗਭੱਗ ਰੁਪਏ 1,60,300/- ਖਰਚ ਆਵੇਗਾ। (*ਜੈਮ ਪੋਟਲ ਤੇ ਖਰੀਦ ਕਰਨ ਸਮੇਂ ਜ਼ੋ ਉਸ ਸਮੇਂ ਉਕਤ ਸਮਾਨ ਦੀ ਅਸਲ ਕੀਮਤ ਹੋਵੇਗੀ ਉਹ ਹੀ ਲਈ ਜਾਵੇਗੀ) ਉਕਤ ਸਮਾਨ ਦੀ ਖਰੀਦ ਜਿਸ ਦੀ ਕੀਮਤ 1,60,300/- ਰੁਪਏ ਦੀ ਤਜਵੀਜ ਹਾਊਸ ਦੀ ਬੈਠਕ ਵਿਚ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ਹੈ। ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 6.1.2020 ਅਤੇ ਕਮਿਸ਼ਨਰ ਜੀ ਨੇ ਮਿਤੀ 6.1.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.01.2020 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
17.11.2020

**ਮਤਾ ਨੰ:-12**

ਵਿਸ਼ਾ:- ਲਵਾਰਿਸ ਲਾਸ਼ਾਂ ਦੇ ਅੰਤਿਮ ਸੰਸਕਾਰ ਤੇ ਆਉਣ ਵਾਲੇ ਖਰਚ ਵਿਚ ਵਾਧਾ ਕਰਨ ਸਬੰਧੀ ।

ਪ੍ਰਧਾਨ, ਜਗਜੀਤ ਸਿੰਘ, ਅਮਰ ਬਾਗ ਸ਼ਮਸ਼ਾਨਘਾਟ ਭੂਮੀ, ਨੀਅਰ ਮਾਰਕਫੈਡ, ਬੀ.ਐਸ.ਐਫ. ਚੌਂਕ, ਜਲੰਧਰ ਵਲੋਂ ਇਕ ਪੱਤਰ ਮਿਤੀ 21.1.2020 ਮਾਨਯੋਗ ਮੇਅਰ ਜੀ ਨੂੰ ਦਿੱਤਾ ਗਿਆ ਹੈ। ਜਿਸ ਤੇ ਸ੍ਰੀਮਤੀ ਡੋਲੀ ਸੈਣੀ, ਕੌਂਸਲਰ ਵਾਰਡ ਨੰ: 15 ਅਤੇ ਸ੍ਰੀ ਮਨਮੋਹਣ ਸਿੰਘ, ਕੌਂਸਲਰ ਵਾਰਡ ਨੰ: 16 ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਵੱਲੋ ਲਵਾਰਿਸ ਲਾਸ਼ਾ ਦੇ ਅੰਤਿਮ ਸੰਸਕਾਰ ਕਰਨ ਲਈ ਅਮਰ ਬਾਗ ਸ਼ਮਸ਼ਾਨ ਭੂਮੀ ਪ੍ਰਬੰਧਕ ਕਮੇਟੀ (ਰਜਿ) ਨੂੰ ਰੁਪਏ 2500/- ਦਿੱਤੇ ਜਾਂਦੇ ਹਨ। ਇਹ ਰਕਮ ਬਹੁਤ ਘੱਟ ਹੈ, ਕਿਉਂਕਿ ਅੰਤਿਮ ਸੰਸਕਾਰ ਕਰਨ ਤੋਂ ਬਾਅਦ ਫੁੱਲਾਂ ਨੂੰ ਬਿਆਸ ਵਿੱਚ ਪਰਵਾਨ ਤੱਕ ਰੁਪਏ 4000/- ਆ ਜਾਂਦਾ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ :-

| | | |
|---|---|---|
| 1. | 9 ਮਨ ਲੱਕੜੀ @ 9/- | ਰੁਪਏ = 3240/- |
| 2. | ਫਟੀਆਂ, ਬਰੋਜਾ | ਰੁਪਏ = 260/- |
| 3. | ਸੇਵਾਦਾਰ | ਰੁਪਏ = 200/- |
| 4. | ਫੁੱਲ ਪਰਵਾਨ ਦਾ ਕਿਰਾਇਆ | ਰੁਪਏ = 300/- |
| | **ਕੁੱਲ** | **ਰੁਪਏ = 4000/-** |

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਲਵਾਰਿਸ ਲਾਸ਼ਾਂ ਦੇ ਅੰਤਿਮ ਸੰਸਕਾਰ ਲਈ ਦਿੱਤੀ ਜਾਣ ਵਾਲੀ ਰਾਸ਼ੀ ਨੂੰ ਰੁਪਏ 2500/- ਤੋਂ ਵਧਾ ਕੇ ਰੁਪਏ 4000/- ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.01.2020 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-13

Subject: Hiring of 2 nos. of Dozer for Wariyana Dump for landfill and placement of daily Solid Waste/Garbage.

Read note of Health Branch that with the reference of the above mentioned subject, the Health branch need 2 nos. of Dozer for making temporary passage in Wariyana Dump site for proper placement of daily solid waste / garbage on daily basis. In this regard, the tender for hiring 2 nos. of dozer (Heavy Machinery) was floated in last year for time period of one year with estimated amount of Rs. 70,52,000/-. The said tender is going to be completed shortly. Hence, the said tender has to be again floated because the condition of the dumping site is not so good.

Therefore, the estimate of Rs. 70, 52,000/- for 2 nos. of dozer on hiring basis for one year is prepared. The estimated monthly cost of per Dozer will be Rs. 2, 88,000/-.

In this regard, the approval has to be obtained in anticipation of General House of M.C., Jalandhar as the work is necessary for preventive health of the city and also needs permission to publish the tender in newspapers. Submitted for approval please. Joint Commissioner(H) vide his note dated 7.1.2020 has written that keeping in view the urgency of work, it may please be approved in anticipation of approval by MC house. Commissioner vide his note dated 7.1.2020 has recommnded that the present work order is valid till 31st January 2020. Approval may be given in anticipation of consent of House. The Ld. Mayor vide his order dated 7.1.2020 has approved the estimate in anticipation approval of House

Estimate is laid before General House for final approval please.

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਕੋਈ ਵੀ ਮਤਾ ਹਾਊਸ ਵਿਚ ਪੇਸ਼ ਕਰਨਾ ਹੋਵੇ ਤਾਂ ਉਸ ਦੀ ਭਾਸ਼ਾ ਪੰਜਾਬੀ ਵਿਚ ਹੋਣੀ ਚਾਹੀਦੀ ਹੈ ਕਿਉਂਜੋ ਪੰਜਾਬ ਸਰਕਾਰ ਵਲੋਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਅਦਾਰਿਆਂ ਵਿਚ ਲਾਗੂ ਕਰਨ ਲਈ ਆਦੇਸ਼ ਦਿੱਤੇ ਹੋਏ ਹਨ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-14

**ਵਿਸ਼ਾ:- Estimate for extension of Outsourced Staff in O&M Cell for 1 years**

**ਤਖਮੀਨਾ ਰੁਪਏ 47,06,136/-**

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ੳ.ਐਂਡ.ਐਮ.) ਮਿਤੀ : 16.12.2019 ਜਿਸ ਦੀ ਸਿਫਾਰਿਸ਼ ਨਿਗਰਾਨ ਇੰਜੀਨੀਅਰ (ੳ.ਐਂਡ.ਐਮ.) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਦੇ ਸਾਰੇ ਕੰਮ ਨਗਰ ਨਿਗਮ ਜਲੰਧਰ ਵਲੋਂ ਆਪਣੇ ਪੱਧਰ ਤੇ ਕਰਵਾਏ ਜਾਣ ਦੇ ਸਬੰਧ ਵਿੱਚ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 39 ਮਿਤੀ 08-05-2015 ਰਾਹੀਂ ਪ੍ਰਵਾਨ ਕੀਤਾ ਗਿਆ ਸੀ, ਜਿਸ ਦੀ ਮੰਜੂਰੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ ਸ1-ਡਸਸ-ਮਸਸ-15/40160 ਮਿਤੀ 18-09-2015 ਰਾਹੀਂ ਦਿੰਦੇ ਹੋਏ ਇਹ ਲਿਖਿਆ ਹੈ ਕਿ ਜਿੰਨੀ ਦੇਰ ਤੱਕ ਰੈਗੁਲਰ ਸਟਾਫ ਦੀ ਭਰਤੀ ਨਹੀਂ ਹੁੰਦੀ ਹੈ, ਉਦੋਂ ਤੱਕ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਕੰਮਾਂ ਨੂੰ ਨਿਰਵਿਘਨ ਚਲਾਉਣ ਵਾਸਤੇ ਆਊਟ ਸੋਰਸ ਰਾਹੀਂ ਸਟਾਫ ਰੱਖ ਲਿਆ ਜਾਵੇ।

ਸਰਕਾਰ ਵਲੋਂ ਆਊਟ ਸੋਰਸ ਰਾਹੀਂ ਸਟਾਫ ਰੱਖਣ ਵਾਸਤੇ M/s Gretis India Private Limited Zirkpur ਕੰਪਨੀ ਨੂੰ ਸਟਾਫ ਰੱਖਣ ਦੀ ਮੰਜੂਰੀ ਦੇਣ ਉਪਰੰਤ ਕੰਪਨੀ ਵਲੋਂ ਇਸ ਸਬੰਧ ਵਿੱਚ ਯੋਗ ਉਮੀਦਵਾਰ ਭੇਜੇ ਗਏ ਅਤੇ ਨਗਰ ਨਿਗਮ ਵਲੋਂ ਇਨ੍ਹਾਂ ਉਮੀਦਵਾਰਾਂ ਨੂੰ ਕਾਬਲੀਅਤ ਦੇ ਹਿਸਾਬ ਨਾਲ ਸਲੈਕਟ ਕਰਕੇ ਮੈਰਿਟ ਦੇ ਹਿਸਾਬ ਨਾਲ ਜੇ.ਈ ਅਤੇ ਐਸ.ਡੀ.ਓ ਰਖੇ ਗਏ ਸੀ। ਇਨ੍ਹਾਂ ਜੇ.ਈ ਅਤੇ ਐਸ.ਡੀ.ਓ ਵਲੋਂ ਨਗਰ ਨਿਗਮ ਦੇ ਵੱਖ-ਵੱਖ ਜੋਨਾਂ ਵਿੱਚ ਆਪਣੀ ਡਿਊਟੀ ਦਿੱਤੀ ਜਾ ਰਹੀ ਹੈ ਜੋ ਕਿ ਤਸਲੀਬਖਸ਼ ਹੈ। ਕੰਪਨੀ ਵਲੋਂ ਆਊਟ ਸੋਰਸ ਰਾਹੀਂ ਸਟਾਫ ਭਰਤੀ ਕਰਨ ਲਈ ਇੱਕ ਸਾਲ ਵਾਸਤੇ ਇਕਰਾਰਨਾਮਾ ਕੀਤਾ ਗਿਆ ਸੀ ਜੋ ਕਿ ਹੁਣ ਮਈ, 2020 ਵਿੱਚ ਖਤਮ ਹੋ ਰਿਹਾ ਹੈ। ਇਸ ਲਈ ਜੱਦ ਤੱਕ ਸਰਕਾਰ ਵਲੋਂ ਨਵੀਂ ਭਰਤੀ ਨਹੀਂ ਕੀਤੀ ਜਾਂਦੀ, ਉਦੋਂ ਤੱਕ ਇਨ੍ਹਾਂ ਆਊਟ ਸੋਰਸ ਰਾਹੀਂ ਰੱਖੇ ਗਏ ਜੇ.ਈ ਅਤੇ ਐਸ.ਡੀ.ਓ ਦੀਆਂ ਸੇਵਾਵਾਂ ਲੈਣਾ ਜਰੂਰੀ ਹੈ। ਇਸ ਲਈ ਇਨ੍ਹਾਂ ਜੇ.ਈ ਅਤੇ ਐਸ.ਡੀ.ਓ ਦੀਆਂ ਸੇਵਾਵਾਂ ਅਗਲੇ ਦੋ ਸਾਲ ਵਾਸਤੇ ਲੈਣ ਲਈ ਵਿਭਾਗ ਵਲੋਂ ਤਖਮੀਨਾ ਰੁਪਏ 1,14,17,424/- ਦਾ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਭੇਜਿਆ ਗਿਆ। ਜਿਸ ਤੇ ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 17.12.2019 ਰਾਹੀਂ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਲਈ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 09.01.2020 ਰਾਹੀਂ ਇਸ ਤਖਮੀਨੇ ਦੀ ਮੰਜੂਰੀ ਇੱਕ ਸਾਲ ਵਾਸਤੇ ਦਿੱਤੀ ਹੈ। ਨਿਗਰਾਨ ਇੰਜੀਨੀਅਰ ੳ.ਐਂਡ ਐਮ.) ਨੇ ਮਿਤੀ 13.1.2020 ਰਾਹੀਂ ਲਿਖਿਆ ਹੈ ਕਿ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਇਹ ਤਖਮੀਨਾ ਇੱਕ ਸਾਲ ਲਈ ਪ੍ਰਵਾਨ ਕੀਤਾ ਗਿਆ।ਇਸ ਲਈ ਇੱਕ ਸਾਲ ਦਾ ਸੋਧਿਆ ਤਖਮੀਨਾ ਰੁਪਏ 47,06,136/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ।

ਤਮਖੀਨਾ ਹਾਊਸ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ। ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਭਰਤੀ ਕੀਤੇ ਜਾਣ ਵਾਲੇ ਸਟਾਫ ਦੀ ਕਾਰਗੁਜ਼ਾਰੀ ਦੇਖਦੇ ਹੋਏ ਓ ਐਂਡ ਐਮ ਐਡਹਾਕ ਕਮੇਟੀ ਦੇ ਰਾਹੀਂ ਨਿਯੁੱਕਤੀ ਕੀਤੀ ਜਾਵੇ ਜਿਸ ਤੇ ਸਮੂਹ ਹਾਊਸ ਨੇ ਪ੍ਰਵਾਨਗੀ ਦਿੱਤੀ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-15

ਵਿਸ਼ਾ :- Development of Project Manager (SCP) and Data Entry Operator on outsource basis for B&R (for two years)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਮਿਤੀ 23.7.2019 ਜਿਸ ਦੀ ਸਿਫ਼ਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਕਮਿਸ਼ਨਰ ਜੀ ਵੱਲੋਂ ਕੀਤੇ ਹੁਕਮ ਮਿਤੀ. 10-07-2019 ਨੂੰ ਨਿਮਨ ਹਸਤਾਖਰ ਨੂੰ ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਨਾਲ ਐਗਰੀਮੈਂਟ ਕਰਨ ਲਈ ਆਥੋਰਾਈਜਡ ਕੀਤਾ ਸੀ।ਡਰਾਫਟ ਐਗਰੀਮੈਂਟ ਨੂੰ ਐਲ.ਏ. ਨਗਰ ਨਿਗਮ ਜਲੰਧਰ ਪਾਸੋਂ ਵੈਟ ਕਰਵਾਉਣ ਉਪਰੰਤ ਇਹ ਵੈਟਡ ਐਗਰੀਮੈਂਟ ਮਿਤੀ. 11-07-2019 ਨੂੰ ਈ.ਮੇਲ ਰਾਹੀਂ ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਨੂੰ ਭੇਜਿਆ ਗਿਆ। ਇਸ ਸਬੰਧੀ ਕੋਈ ਜਵਾਬ ਨਾ ਮਿਲਣ ਕਾਰਨ ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਨੂੰ ਯਾਦ ਪੱਤਰ ਨੰ. ਐਸ.ਈ.(ਬੀ.ਐਂਡ.ਆਰ)-ਏ-43 ਮਿਤੀ. 17-07-2019 ਵੀ ਜਾਰੀ ਕੀਤਾ ਗਿਆ। ਜਿਸ ਦੇ ਹਵਾਲੇ ਵਿੱਚ ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਵੱਲੋਂ ਮਿਤੀ. 19-07-2019 ਨੂੰ ਹੇਠ ਲਿਖੇ ਅਨੁਸਾਰ ਈ.ਮੇਲ ਪ੍ਰਾਪਤ ਹੋਈ ਹੈ :-

"This is in reference to your letter no. SE(B&R)A-43 Dated.17-07-2019 regarding requirement of Manpower, in this regard this company is ready to provide service to your department of the same terms& conditions as we are providing at Local Government Punjab."

ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਪਹਿਲਾਂ ਉਕਤ ਕੇਸ 1% ਐਡਮਿਨ ਚਾਰਜਿਜ ਨਾਲ ਪ੍ਰਵਾਨ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰ. ਸ1-ਡਸਸ-ਮਸਸ-2019%28401 ਮਿਤੀ. 21-06-2019 ਨੂੰ ਦਿੱਤੀ ਗਈ ਹੈ।ਹੁਣ ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਵੱਲੋਂ PMIDC ਨਾਲ ਹੋਏ ਐਗਰੀਮੈਂਟ ਦੇ ਅਧਾਰ ਤੇ ਐਗਰੀਮੈਂਟ ਭੇਜਿਆ ਗਿਆ ਹੈ।ਜਿਸ ਵਿੱਚ 2.90% ਐਡਮਿਨ ਚਾਰਜਿਜ ਲਗਾਏ ਗਏ ਹਨ।

ਅਜੰਸੀ ਨਾਲ ਕਈ ਵਾਰ ਜੁਬਾਨੀ ਤੌਰ ਤੇ ਵੀ ਗੱਲਬਾਤ ਕੀਤੀ ਗਈ ਜਿਸ ਦੌਰਾਨ ਉਨ੍ਹਾਂ ਵੱਲੋਂ ਐਡਮਿਨ ਚਾਰਜਿਜ 2.90% ਤੋਂ ਘੱਟ ਕਰਨ ਤੇ ਅਸਹਿਮਤੀ ਜਤਾਈ ਗਈ ਹੈ। ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਜੀਰਕਪੁਰ ਦੇ ਮੈਨੇਜਰ ਸ਼੍ਰੀ ਚਮਨ ਸ਼ਰਮਾਂ ਵੱਲੋਂ ਦੱਸਿਆ ਗਿਆ ਕਿ ਕੰਪਨੀ ਵੱਲੋਂ ਡਾਇਰੈਕਟਰ ਸਥਾਨਕ ਸਰਕਾਰ ਨਾਲ ਜੋ ਐਗਰੀਮੈਂਟ ਕੀਤਾ ਗਿਆ ਹੈ ਉਹ ਉਨ੍ਹਾਂ ਸ਼ਰਤਾਂ ਤੇ ਹੀ ਇਹ ਆਉਟਸੋਰਸ ਸਟਾਫ ਦੇਣ ਲਈ ਤਿਆਰ ਹਨ, ਕਿਉਂ ਜੋ ਉਕਤ ਸਬੰਧੀ ਪ੍ਰਵਾਨਗੀ ਮਾਨਯੋਗ ਮੇਅਰ ਵੱਲੋਂ ਹਾਉਸ ਦੀ ਪ੍ਰਵਾਨਗੀ ਦੀ ਆਸ ਤੇ ਕੀਤੀ ਜਾ ਚੁੱਕੀ ਹੈ। ਜਿਸ ਨੂੰ ਸਰਕਾਰ ਵੱਲੋਂ 1% ਸਰਵਿਸ ਚਾਰਜਿਜ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।ਕੰਪਨੀ ਆਪਣੇ ਵੱਲੋ ਦਿੱਤੀ ਕੁਟੇਸ਼ਨ/ਰੇਟ ਵਿੱਚ ਦਰਜ ਚਾਰਜਿਸ 1% ਤੇ ਤਿਆਰ ਨਹੀਂ ਹੈ।ਕੰਪਨੀ ਇਹ ਸਟਾਫ ਐਡਮਿਨ ਚਾਰਜਿਜ 2.90% ਤੇ ਹੇਠ ਅਨੁਸਾਰ ਮੁਹੱਈਆ ਕਰਵਾਉਣ ਲਈ ਤਿਆਰ ਹੈ।

| **M/S Gretis India Private Limited** | | | | | | | | | | |
|---|---|---|---|---|---|---|---|---|---|---|
| **Cost Sheet for ………** | | | | | | | | | | |
| Sr. no | Designation | Rate of Pay | E.S.I (Employer Share) 4.75% | P.F (Employer Share) 13% | CTC | Admin Charges @1% | Admin Charges @2.90% | GST 18% | Total invoice Value @1% | Total invoice Value @2.90% |
| 1 | Manager | 25,000 | 0 | 0 | 25000 | 250 | 395 | 2,545 | 29795 | 29940 |
| 2 | Computer Operator | 11,578 | 550 | 1505 | 13633 | 136 | 927 | 2478 | 16247 | 17038 |

ਉਪਰੋਕਤ ਅਨੁਸਾਰ 2.90% ਐਡਮਿਨ ਚਾਰਜਿਜ ਨਾਲ ਸਟਾਫ ਰੱਖਣ ਦਾ ਦੋ ਸਾਲ ਲਈ ਕੁੱਲ ਖਰਚਾ ਰੁਪਏ. 60,34,416/- ਆਵੇਗਾ ਜੋ ਕਿ 1% ਐਡਮਿਨ ਚਾਰਜਿਜ ਨਾਲ ਰੁਪਏ. 57,84,144/- ਬਣਦਾ ਹੈ। ਮੈਸਰਜ਼ ਗ੍ਰੇਟਿਸ਼ ਇੰਡੀਆ ਪ੍ਰਾਈਵੇਟ ਲਿਮਟਿਡ ਵੱਲੋਂ ਕੁਟੇਸ਼ਨ ਵਿੱਚ 18% ਜੀ.ਐਸ.ਟੀ. ਵੀ ਲਗਾਇਆ ਗਿਆ ਹੈ। ਜਿਸ ਸਬੰਧੀ ਲੇਖਾ ਸ਼ੇਖਾ ਤੋਂ ਰਿਪੋਰਟ ਲੈਣੀ ਵਾਜਿਬ ਹੋਵੇਗੀ ਕਿ ਆਉਟਸੋਰਸ ਰਾਹੀਂ ਸਟਾਫ ਰੱਖਣ ਲਈ ਜੀ.ਐਸ.ਟੀ. ਦੇਣਾ ਬਣਦਾ ਹੈ ਜਾਂ ਨਹੀਂ।

ਇਥੇ ਇਹ ਵੀ ਦੱਸਣਾ ਵਾਜਿਬ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਇਸ ਵੇਲੇ 13 ਡਾਟਾ ਐਂਟਰੀ ਓਪਰੇਟਰ ਵੱਖ-ਵੱਖ ਦਫਤਰਾਂ ਵਿੱਚ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਦੀ ਤਨਖਾਹ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਯੋਗ ਫੈਸਲਾ ਲੈਂਦੇ ਹੋਏ ਨਿਰਦੇਸ਼ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।ਇਸ ਲਈ ਇਹ ਕੇਸ ਮੁੜ ਵਿਚਾਰਣ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।

ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 2.8.2019 ਰਾਹੀਂ ਲਿਖਿਆ ਹੈ ਕਿ ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ Government of Punjab ਦੇ Department of Finance Personnal-1 Branch ਵੱਲੋ ਪੱਤਰ ਨੰ: 7/74/2018-FPI/1539232/1 ਮਿਤੀ : 01.08.2019 ਜਾਰੀ ਕੀਤਾ ਗਿਆ ਹੈ ਜਿਸ ਵਿੱਚ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਗਈ ਹੈ :-

***I am directed to invite a reference to Punjab Government letter No. 7/74/2018-1FPI/734-739 dated 27.08.2018 and letter No. 7.74/2018-1FPI/858-863 dated 11-10-2018 on the subject cited above and to state that at the time of hiring staff on contract of any category through service provider/***

***contractor, maximum service charges paid to the service provider/contractor shall in no case be more than 2.5% (two and half percent) of the amount of contract.***

ਉਕਤ ਹਦਾਇਤ ਨੂੰ ਧਿਆਨ ਵਿੱਖ ਰੱਖਦੇ ਹੋਏ ਨਗਰ ਨਿਗਮ, ਜਲੰਧਰ ਦੀ ਬੀ.ਐਂਡ.ਆਰ ਸ਼ਾਖਾ ਵਿੱਚ ਆਉਟਸੋਰਸ ਤੇ ਸਟਾਫ ਰੱਖਣ ਹਿੱਤ ਅਜੰਸੀ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਨੂੰ ਇਸ ਸਬੰਧੀ ਪੱਤਰ ਲਿੱਖ ਕੇ 2.5% ਐਡਮਿਨ ਚਾਰਜਿਜ ਨਾਲ ਐਗਰੀਮੈਂਟ ਕਰਨ ਹਿੱਤ ਲਿਖਣਾ ਯੋਗ ਹੋਵੇਗਾ। ਇਸ ਲਈ ਉਕਤ ਕੇਸ ਸਬੰਧੀ ਅਜੰਸੀ ਨੂੰ ਪੱਤਰ ਲਿਖਣ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 2.8.19 ਰਾਹੀਂ ਲਿਖਿਆ ਹੈ ਕਿ 2.5% ਐਡਮਿਨ ਚਾਰਜਿਜ ਨਾਲ ਤਖਮੀਨੇ ਦੀ ਰਾਸ਼ੀ ਤੇ ਕੀ ਫਰਕ ਪਵੇਗੀ? ਦੱਸਿਆ ਜਾਵੇ ਕਿ ਇਸ ਦੀ ਪ੍ਰਵਾਨਗੀ ਹਾਊਸ ਤੋਂ ਲੈਣ ਦੀ ਲੋੜ ਹੈ ਜਾਂ ਨਹੀਂ ਇਹ ਸਪੱਸ਼ਟ ਕੀਤਾ ਜਾਵੇ।

ਉਪਰੋਕਤ ਨੋਟ ਮਿਤੀ 02-08-2019 ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਤਖਮੀਨਾ (ਰੁ: 57,84,144/-) ਮਾਨਯੋਗ ਮੇਅਰ ਵਲੋ ਮਿਤੀ 31-05-2019 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ 1% ਐਡਮਿਨ ਚਾਰਜਿਜ ਨਾਲ ਪ੍ਰਵਾਨ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਸਰਕਾਰ ਵੱਲੋ ਪੱਤਰ ਨੰ: ਸ1-ਡਸਸ-ਮਸਸ-2019/28401 ਮਿਤੀ 21-06-2019 ਰਾਹੀ ਦਿੱਤੀ ਗਈ ਹੈ। ਜਿਸ ਨੂੰ ਹਾਊਸ ਦੇ ਮਤਾ ਨੰ: 56 ਮਿਤੀ 29.11.2019 ਪ੍ਰਵਾਨ ਕੀਤਾ ਹੈ। ਇੱਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋ ਉਕਤ ਅਨੁਸਾਰ ਐਡਮਿਨ ਚਾਰਜਿਜ ਵਿੱਚ ਸੋਧ ਕਰਦੇ ਹੋਏ 1% ਦੀ ਤੋ ਵਧਾ ਕੇ 2.5% ਐਡਮਿਨ ਚਾਰਜਿਜ ਕਰ ਦਿੱਤੇ ਹਨ। ਜਿਸ ਅਨੁਸਾਰ ਇਹ ਤਖਮੀਨਾ ਸੋਧਿਆ ਗਿਆ ਹੈ ਅਤੇ ਪਹਿਲਾਂ ਪ੍ਰਵਾਨਿਤ ਰਾਸ਼ੀ ਤੋ ਵੱਧ ਕੇ ਰੁ: 58,48,440/- ਦਾ ਹੋ ਗਿਆ ਹੈ। ਇਸ ਲਈ ਸੋਧਿਆ ਤਖਮੀਨਾ ਰੁ: 58,48,440/- ਦਾ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕਰਨ ਅਤੇ ਮੈਸਰਜ ਗ੍ਰੇਟਿਸ ਇੰਡੀਆ ਤੋ ਉਪਰੋਕਤ ਸਟਾਫ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਹ ਕੇਸ ਦੀ ਤਕਨੀਕੀ ਅਤੇ ਐਡਮਿਨਸਟਿਟ੍ਰੇਵ ਪ੍ਰਵਾਨਗੀ (as per CC order No. 2667 dt. 29-07-2019 ) ਅਤੇ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਅਤੇ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ: 5.08.2019 ਰਾਹੀਂ ਸੋਧਿਆ ਤਖਮੀਨਾ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 8.08.2019 ਰਾਹੀ ਸੋਧਿਆ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-16

ਵਿਸ਼ਾ :- ਡਾ.ਬੀ.ਆਰ. ਅੰਬੇਦਕਰ ਕੰਪਲੈਕਸ, ਨਹਿਰੂ ਗਾਰਡਨ ਜਲੰਧਰ ਵਿਖੇ ਨਵੇਂ ਮੀਟਿੰਗ ਹਾਲ ਦੀ ਉਸਾਰੀ ਸਬੰਧੀ ਸਟਰਕਚਰ ਸਟੇਬਿਲਟੀ ਚੈਕਿੰਗ ਅਤੇ ਸਟਰਕਚਰ ਡਿਜਾਇਨ ਤਿਆਰ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 31.1.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਮਿਤੀ : 28.01.2019 ਨੂੰ ਮੀਟਿੰਗ ਨਗਰ ਨਿਗਮ ਜਲੰਧਰ ਵੱਲੋ ਰੱਖੀ ਗਈ ਸੀ। ਜਿਸ ਵਿੱਚ ਆਰਕੀਟੈਕਟ ਜੂਲੀ ਖੰਨਾਂ ਵੱਲੋਂ ਦਫ਼ਤਰ ਤਜਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 62 ਮਿਤੀ : 01.03.2019 ਰਾਹੀ ਪ੍ਰਵਾਨ ਕੀਤਾ ਗਿਆ ਸੀ। ਇਸ ਮੀਟਿੰਗ ਵਿੱਚ ਕੰਨਸੈਪਟ ਪਲੈਨ/ਆਰਕੀਟੈਕਟ ਡਰਾਇੰਗ ਨੂੰ ਵੇਖਦੇ ਹੋਏ ਕਮੇਟੀ ਦੇ ਮੈਂਬਰ ਮਾਨਯੋਗ ਮੇਅਰ, ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ), ਹੈੱਡ ਆਫ ਡਿਪਾਰਟਮੈਂਟ ਸਿਵਲ ਇੰਜੀਨੀਅਰਿੰਗ ਜਲੰਧਰ ਵੱਲੋ ਸਮੂਹਿਕ ਫੈਸਲਾ ਲਿਆ ਗਿਆ ਸੀ ਕਿ ਇਨ੍ਹਾਂ ਡਰਾਇੰਗ ਦੇ ਨਾਲ ਨਾਲ ਪ੍ਰੋਪਸਡ ਟਾਊਨ ਹਾਲ ਦੀ ਬਿਲਡਿੰਗ ਦਾ ਲੋਡ ਜੋ ਕਿ ਮੌਜੂਦਾ ਐਡਮੇਸਿਟੇਟਿਵ ਕੰਪਲੈਕਸ ਦੀ ਬਿਲਡਿੰਗ ਤੇ ਪੈਣਾ ਹੈ ਅਤੇ ਨਾਲ ਹੀ ਇਸ ਦੀ ਸਟਰੱਕਚਰ ਸਟੇਬਿਲਟੀ ਵੀ ਚੈੱਕ ਕਰ ਲਈ ਜਾਵੇ। ਇਸ ਕੰਮ ਲਈ ਮੌਜੂਦਾ ਬਿਲਡਿੰਗ ਦੀ ਸਟੀਲ ਸਟਰੱਕਚਰ ਡਰਾਇੰਗ ਅਤੇ analytical checking ਦੀ ਲੋੜ ਹੈ।

ਉਪਰੋਕਤ ਸਬੰਧੀ ਕੰਮ ਲਈ ਮਾਰਕੀਟ ਵਿਚੋਂ 3 ਕੁਟੇਸ਼ਨਾਂ ਲਈਆਂ ਗਈਆਂ ਜਿਹਨਾਂ ਵਿਚੋਂ ਘੱਟ ਰੇਟ ਦੀ ਕੁਟੇਸ਼ਨ ਮੈਸਰਜ Techno Civil Structure Designer, 43 Engineer's Enclave, 66 Ft road, Jalandhar ਨੂੰ ਪਾਇਆ ਗਿਆ ਹੈ, ਜਿਸ ਵਿਚ ਫਰਮ ਵਲੋਂ analytical checking of structure stability of existing Dr. B.R. Ambedkar Complex at Jalandhar along with structure drawing ਲਈ ਰੁਪਏ 1,05,000/- + ਜੀ.ਐਸ.ਟੀ.ਦੀ ਮੰਗ ਕੀਤੀ ਹੈ। ਜਿਸ ਦੀ ਪ੍ਰਵਾਨਗੀ ਉੱਚ ਅਧਿਕਾਰੀਆਂ ਅਤੇ ਮਾਨਯੋਗ ਹਾਊਸ ਪਾਸੋਂ ਲੋੜੀਂਦੀ ਹੈ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਮਿਤੀ 10.2.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 12.2.2020 ਰਾਹੀਂ Consent may be given in anticipation of approval of house ਲਈ ਲਿਖਿਆ ਹੈ।ਮਾਨਯੋਗ ਮੇਅਰ ਜੀ ਨੇ ਮਿਤੀ 13.2.2020 ਰਾਹੀਂ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-17**

ਵਿਸ਼ਾ:- ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਭਗਵਾਨ ਵਾਲਮਿਕੀ ਗੇਟ ਟੂ ਅੱਡਾ ਹੁਸ਼ਿਆਰਪੁਰ ਚੌਂਕ (ਸਰਕੂਲਰ ਰੋਡ) ਦੇ ਤਖਮੀਨੇ (ਰੁ:179.02 ਲੱਖ) ਦੀ ਸੋਧ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 27.2.2020 ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਮਾਨਯੋਗ ਹਾਊਸ ਵੱਲੋਂ **ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਭਗਵਾਨ ਵਾਲਮਿਕੀ ਗੇਟ ਟੂ ਅੱਡਾ ਹੁਸ਼ਿਆਰਪੁਰ ਚੌਂਕ (ਸਰਕੂਲਰ ਰੋਡ) ਦਾ ਤਖਮੀਨਾ ਰੁ : 179.02 ਲੱਖ ਦਾ** ਮੇਅਰ ਸਾਹਿਬ ਤੋਂ ਮਿਤੀ : 17.02.2019 ਨੂੰ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਵਾ ਕੇ ਟੈਂਡਰ ਲੱਗਾ ਦਿੱਤਾ ਗਿਆ ਸੀ ਅਤੇ ਇਹ ਕੰਮ ਬਾਅਦ ਵਿੱਚ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰ : 80 (2) ਮਿਤੀ: 29.11.2019 ਨੂੰ ਪਾਸ ਕਰ ਦਿੱਤਾ ਗਿਆ ਸੀ। ਇਸ ਕੰਮ ਦੇ ਟੈਂਡਰ ਵੱਖ-ਵੱਖ ਮਿਤੀਆਂ ਰਾਹੀ ਮੰਗੇ ਗਏ ਸਨ।ਇਸ ਕੰਮ ਦਾ ਤਖਮੀਨਾ ਰੁ:179.02 ਲੱਖ ਦਾ ਇੰਜੀਨੀਅਰ-ਇਨ-ਚੀਫ ਚੰਡੀਗੜ੍ਹ ਨੂੰ ਪੱਤਰ ਨੰ : ਐਸ.ਈ (ਬੀ.ਐਂਡ.ਆਰ.)-102 ਮਿਤੀ : 16.09.2019 ਰਾਹੀ ਵੈਟ ਕਰਨ ਦੇ ਲਈ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਇਸ ਕੰਮ ਦਾ ਡਿਜਾਇਨ ਸਰਕਾਰੀ ਕਾਲਜ ਤੋਂ ਕਰਵਾਉਣ ਲਈ ਕਿਹਾ ਗਿਆ।ਨਗਰ ਨਿਗਮ, ਜਲੰਧਰ ਵੱਲੋਂ ਇਸ ਕੰਮ ਦਾ ਡਿਜਾਇਨ ਡਾ.ਬੀ.ਆਰ. ਅੰਬੇਦਕਰ ਐਨ.ਆਈ.ਟੀ. ਜਲੰਧਰ ਤੋਂ ਕਰਵਾਇਆ ਗਿਆ ਅਤੇ ਡਿਜਾਇਨ ਅਨੁਸਾਰ ਇਸ ਕੰਮ ਦਾ ਤਖਮੀਨਾ ਰੁ : 201.66 ਲੱਖ ਦਾ ਦੁਬਾਰਾ ਤਿਆਰ ਕਰਨ ਉਪਰੰਤ ਇੰਜੀਨੀਅਰ-ਇਨ-ਚੀਫ ਨੂੰ ਦੁਬਾਰਾ ਵੈਟ ਕਰਨ ਹਿੱਤ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਆਪਣੇ ਪੱਤਰ ਨੰ ਸੀ.ਈ-2020/10952 ਮਿਤੀ: 27.02.2020 ਰਾਹੀ ਤਖਮੀਨੇ ਨੂੰ ਸੋਧ ਕੇ ਰੁ : 186.88 ਲੱਖ ਦਾ ਵਾਪਸ ਨਗਰ ਨਿਗਮ ਦਫਤਰ ਨੂੰ ਭੇਜਿਆ ਗਿਆ, ਜੋ ਕਿ ਮਾਨਯੋਗ ਹਾਉਸ ਵੱਲੋਂ ਪਹਿਲੇ ਤੋਂ ਪਾਸੇ ਕੀਤੇ ਗਏ ਤਖਮੀਨੇ ਦੀ ਰਕਮ ਤੋਂ 4.40% ਵੱਧ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ: 28.02.2020 ਰਾਹੀਂ ਲਿਖਿਆ ਹੈ ਕਿ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਦਿੱਤੀ ਜਾਵੇ।ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 27.02.2020 ਰਾਹੀ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ।

ਸੋਧਿਆ ਹੋਇਆ ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-18**

ਵਿਸ਼ਾ:- ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਸਰਦਾਰ ਪਟੇਲ ਚੌਂਕ ਨਿਅਰ ਸਾਂਈ ਦਾਸ ਸਕੂਲ ਟੂ ਭਗਵਾਨ ਵਾਲਮਿਕੀ ਗੇਟ (ਸਰਕੂਲਰ ਰੋਡ) ਦੇ ਤਖਮੀਨੇ ( ਰੁ : 109.47 ਲੱਖ ) ਦੀ ਸੋਧ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 27.2.2020 ਜਿਸ ਦੀ ਸਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਮਾਨਯੋਗ ਹਾਉਸ ਵੱਲੋਂ **ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਸਰਦਾਰ ਪਟੇਲ ਚੌਂਕ ਨਿਅਰ ਸਾਂਈ ਦਾਸ ਸਕੂਲ ਟੂ ਭਗਵਾਨ ਵਾਲਮਿਕੀ ਗੇਟ (ਸਰਕੂਲਰ ਰੋਡ) ਤਖਮੀਨਾ ਰੁ : 109.47 ਲੱਖ ਦਾ** ਮੇਅਰ ਸਾਹਿਬ ਤੋਂ ਮਿਤੀ : 17.02.2019 ਨੂੰ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਵਾ ਕੇ ਟੈਂਡਰ ਲੱਗਾ ਦਿੱਤਾ ਗਿਆ ਸੀ ਅਤੇ ਇਹ ਕੰਮ ਬਾਅਦ ਵਿੱਚ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰ: 80 (1) ਮਿਤੀ: 29.11.2019 ਨੂੰ ਪਾਸ ਕਰ ਦਿੱਤਾ ਗਿਆ ਸੀ।ਇਸ ਕੰਮ ਦੇ ਟੈਂਡਰ ਵੱਖ-ਵੱਖ ਮਿਤੀਆਂ ਰਾਹੀ ਮੰਗੇ ਗਏ ਸਨ।ਇਸ ਕੰਮ ਦਾ ਤਖਮੀਨਾ ਰੁ: 109.47 ਲੱਖ ਦਾ ਇੰਜੀਨੀਅਰ-ਇਨ-ਚੀਫ ਚੰਡੀਗੜ੍ਹ ਨੂੰ ਪੱਤਰ ਨੰ : ਐਸ.ਈ (ਬੀ.ਐਂਡ.ਆਰ.)-102 ਮਿਤੀ : 16.09.2019 ਰਾਹੀ ਵੈਟ ਕਰਨ ਦੇ ਲਈ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਇਸ ਕੰਮ ਦਾ ਡਿਜਾਇਨ ਸਰਕਾਰੀ ਕਾਲਜ ਤੋਂ ਕਰਵਾਉਣ ਲਈ ਕਿਹਾ ਗਿਆ।ਨਗਰ ਨਿਗਮ, ਜਲੰਧਰ ਵੱਲੋਂ ਇਸ ਕੰਮ ਦਾ ਡਿਜਾਇਨ ਡਾ.ਬੀ.ਆਰ. ਅੰਬੇਦਕਰ ਐਨ.ਆਈ.ਟੀ. ਜਲੰਧਰ ਤੋਂ ਕਰਵਾਇਆ ਗਿਆ ਅਤੇ ਡਿਜਾਇਨ ਅਨੁਸਾਰ ਇਸ ਕੰਮ ਦਾ ਤਖਮੀਨਾ ਰੁ: 139.69 ਲੱਖ ਦਾ ਦੁਬਾਰਾ ਤਿਆਰ ਕਰਨ ਉਪਰੰਤ ਇੰਜੀਨੀਅਰ-ਇਨ-ਚੀਫ ਨੂੰ ਦੁਬਾਰਾ ਵੈਟ ਕਰਨ ਹਿੱਤ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਆਪਣੇ ਪੱਤਰ ਨੰ ਸੀ.ਈ-2020/10952 ਮਿਤੀ : 27.02.2020 ਰਾਹੀ ਤਖਮੀਨੇ ਨੂੰ ਸੋਧ ਕੇ ਰੁ: 128.37 ਲੱਖ ਦਾ ਵਾਪਸ ਨਗਰ ਨਿਗਮ ਦਫਤਰ ਨੂੰ ਭੇਜਿਆ ਗਿਆ, ਜੋ ਕਿ ਮਾਨਯੋਗ ਹਾਉਸ ਵੱਲੋਂ ਪਹਿਲੇ ਤੋਂ ਪਾਸੇ ਕੀਤੇ ਗਏ ਤਖਮੀਨੇ ਦੀ ਰਕਮ ਤੋਂ 14.73% ਵੱਧ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ: 28.02.2020 ਰਾਹੀਂ ਲਿਖਿਆ ਹੈ ਕਿ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਦਿੱਤੀ ਜਾਵੇ।ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 27.02.2020 ਰਾਹੀ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ।

ਸੋਧਿਆ ਹੋਇਆ ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-19**

ਵਿਸ਼ਾ:- ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਅੱਡਾ ਹੁਸ਼ਿਆਰਪੁਰ ਚੌਂਕ ਤੋਂ ਰੇਲਵੇ ਸਟੇਸ਼ਨ (ਸਰਕੂਲਰ ਰੋਡ) ਦੇ ਤਖਮੀਨੇ (ਰੁ: 165.83 ਲੱਖ) ਦੀ ਸੋਧ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 27.2.2020 ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਮਾਨਯੋਗ ਹਾਊਸ ਵੱਲੋਂ **ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਅੱਡਾ ਹੁਸ਼ਿਆਰਪੁਰ ਚੌਂਕ ਤੋਂ ਰੇਲਵੇ ਸਟੇਸ਼ਨ (ਸਰਕੂਲਰ ਰੋਡ) ਦਾ ਤਖਮੀਨਾ ਰੁ : 165.83 ਲੱਖ ਦਾ** ਮੇਅਰ ਸਾਹਿਬ ਤੋਂ ਮਿਤੀ : 17.02.2019 ਨੂੰ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਵਾ ਕੇ ਟੈਂਡਰ ਲੱਗਾ ਦਿੱਤਾ ਗਿਆ ਸੀ ਅਤੇ ਇਹ ਕੰਮ ਬਾਅਦ ਵਿੱਚ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰ : 80 (3) ਮਿਤੀ: 29.11.2019 ਨੂੰ ਪਾਸ ਕਰ ਦਿੱਤਾ ਗਿਆ ਸੀ।ਇਸ ਕੰਮ ਦੇ ਟੈਂਡਰ ਵੱਖ-ਵੱਖ ਮਿਤੀਆਂ ਰਾਹੀ ਮੰਗੇ ਗਏ ਸਨ।ਇਸ ਕੰਮ ਦਾ ਤਖਮੀਨਾ ਰੁ: 165.83 ਲੱਖ ਦਾ ਇੰਜੀਨੀਅਰ-ਇਨ-ਚੀਫ ਚੰਡੀਗੜ੍ਹ ਨੂੰ ਪੱਤਰ ਨੰ: ਐਸ.ਈ (ਬੀ.ਐਂਡ.ਆਰ.)-102 ਮਿਤੀ : 16.09.2019 ਰਾਹੀ ਵੈਟ ਕਰਨ ਦੇ ਲਈ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਇਸ ਕੰਮ ਦਾ ਡਿਜਾਇਨ ਸਰਕਾਰੀ ਕਾਲਜ ਤੋਂ ਕਰਵਾਉਣ ਲਈ ਕਿਹਾ ਗਿਆ।ਨਗਰ ਨਿਗਮ, ਜਲੰਧਰ ਵੱਲੋਂ ਇਸ ਕੰਮ ਦਾ ਡਿਜਾਇਨ ਡਾ.ਬੀ.ਆਰ. ਅੰਬੇਦਕਰ ਐਨ.ਆਈ.ਟੀ. ਜਲੰਧਰ ਤੋਂ ਕਰਵਾਇਆ ਗਿਆ ਅਤੇ ਡਿਜਾਇਨ ਅਨੁਸਾਰ ਇਸ ਕੰਮ ਦਾ ਤਖਮੀਨਾ ਰੁ : 217.69 ਲੱਖ ਦਾ ਦੁਬਾਰਾ ਤਿਆਰ ਕਰਨ ਉਪਰੰਤ ਇੰਜੀਨੀਅਰ-ਇਨ-ਚੀਫ ਨੂੰ ਦੁਬਾਰਾ ਵੈਟ ਕਰਨ ਹਿੱਤ ਭੇਜਿਆ ਗਿਆ ਅਤੇ ਉਹਨਾਂ ਵੱਲੋਂ ਆਪਣੇ ਪੱਤਰ ਨੰ ਸੀ.ਈ-2020/10952 ਮਿਤੀ 27.02.2020 ਰਾਹੀ ਤਖਮੀਨੇ ਨੂੰ ਸੋਧ ਕੇ ਰੁ : 201.12 ਲੱਖ ਦਾ ਵਾਪਸ ਨਗਰ ਨਿਗਮ ਦਫਤਰ ਨੂੰ ਭੇਜਿਆ ਗਿਆ, ਜੋ ਕਿ ਮਾਨਯੋਗ ਹਾਊਸ ਵੱਲੋਂ ਪਹਿਲੇ ਤੋਂ ਪਾਸੇ ਕੀਤੇ ਗਏ ਤਖਮੀਨੇ ਦੀ ਰਕਮ ਤੋਂ 21.30% ਵੱਧ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ: 28.02.2020 ਰਾਹੀਂ ਲਿਖਿਆ ਹੈ ਕਿ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਦਿੱਤੀ ਜਾਵੇ। ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 27.02.2020 ਰਾਹੀ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ।

ਸੋਧਿਆ ਹੋਇਆ ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

ਮਤਾ ਨੰ:-20

ਵਿਸ਼ਾ:- ਰੋਟਰੀ ਕਲੱਬ ਨੂੰ ਸ਼ਹਿਰ ਵਿੱਚ ਵੱਖ-ਵੱਖ ਜਗ੍ਹਾਂ ਤੇ ਟੁਆਲੇਟ ਬਲਾਕ ਬਨਾਉਣ ਦੀ ਪ੍ਰਵਾਨਗੀ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਰੋਟਰੀ ਕਲੱਬ ਵੱਲੋਂ ਜਲੰਧਰ ਸ਼ਹਿਰ ਦੀਆਂ ਵੱਖ-ਵੱਖ ਜਗ੍ਹਾ ਤੇ 6 ਟੁਆਲੇਟ ਬਲਾਕ ਦਾ ਨਿਰਮਾਣ ਕੀਤਾ ਜਾ ਰਿਹਾ ਹੈ।ਮਾਨਯੋਗ ਸ਼੍ਰੀ ਰਜਿੰਦਰ ਬੇਰੀ, ਵਿਧਾਇਕ ਸੈਂਟਰਲ ਹਲਕਾ ਜੀ ਵੱਲੋਂ ਦਿਖਾਈਆਂ ਗਈਆਂ ਜਗ੍ਹਾਂ ਤੇ ਇਹ ਟੁਆਲੇਟ ਬਲਾਕ ਬਣਾਏ ਜਾ ਰਹੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. **Milap Chowk (Crossing) in the park opposite India Colour lab.**
2. **Nakodar Chowk (Crossing) on road towards TV Studio.**
3. **Model House Chowk (Crossing) on road towards Nakodar.**
4. **P.A.P Chowk (Crossing) on road towards Surya enclave.**
5. **Rama Mandi under bridge.**
6. **Rama Mandi fly-over near right side bus stand.**

ਰੋਟਰੀ ਕਲੱਬ ਵੱਲੋਂ ਇੱਕ ਪੱਤਰ ਕਮਿਸ਼ਨਰ ਨਗਰ ਨਿਗਮ, ਜਲੰਧਰ ਨੂੰ ਲਿਖਿਆ ਹੈ ਅਤੇ ਇਹਨਾਂ ਟੁਆਲੇਟ ਬਲਾਕ ਨੂੰ ਬਨਾਉਣ ਦੀ ਮੰਜ਼ੂਰੀ ਮਾਨਯੋਗ ਵਿਧਾਇਕ ਸ਼੍ਰੀ ਰਜਿੰਦਰ ਬੇਰੀ ਜੀ ਵੱਲੋਂ ਪੱਤਰ ਨੰ: JAL/1038 dated: 28.03.2019 ਰਾਹੀ ਦਿੱਤੀ ਗਈ ਸੀ।ਇਥੇ ਇਹ ਵੀ ਦੱਸਣਯੋਗ ਹੈ ਕਿ ਇਹਨਾਂ ਟੁਆਲੇਟ ਬਲਾਕ ਨੂੰ ਬਨਾਉਣ ਤੋਂ ਬਾਅਦ ਇਨ੍ਹਾਂ ਦੇ ਵਾਟਰ ਸਪਲਾਈ, ਸੀਵਰੇਜ ਅਤੇ ਬਿਜਲੀ ਦੀ ਮੈਨਟੇਨੰਸ ਨਗਰ ਨਿਗਮ, ਜਲੰਧਰ ਵੱਲੋਂ ਕੀਤੀ ਜਾਵੇਗੀ।

ਇਹ ਟੁਆਲੇਟ ਬਲਾਕ ਰੋਟਰੀ ਕਲੱਬ ਵੱਲੋਂ ਬਣਾਏ ਜਾ ਰਹੇ ਹਨ, ਇਹਨਾਂ ਟੁਆਲੇਟ ਬਲਾਕ ਨੂੰ ਵਾਟਰ ਸਪਲਾਈ, ਸੀਵਰੇਜ ਅਤੇ ਬਿਜਲੀ ਦੀ ਮੈਨਟੇਨੰਸ ਦੀ ਸੁਵਿਧਾ ਨਗਰ ਨਿਗਮ, ਜਲੰਧਰ ਵੱਲੋਂ ਦੇਣ ਲਈ ਮਾਨਯੋਗ ਹਾਊਸ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਅਤੇ ਕਮਿਸ਼ਨਰ ਜੀ ਨੇ ਮਿਤੀ 12.2.2020 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ। ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 13.02.2020 ਰਾਹੀ ਲਿਖਿਆ ਹੈ ਕਿ ਤਜਵੀਜ ਕੀਤੇ ਗਏ ਸਥਾਨਾਂ ਦੇ ਨਕਸ਼ੇ ਨਾਲ ਲਗਾਏ ਜਾਣ ਅਤੇ ਇਹ ਰਿਪੋਰਟ ਵਿਚ ਸਾਫ ਕੀਤਾ ਜਾਵੇ ਕਿ ਉਸਾਰੀ ਤੋਂ ਬਾਅਦ ਮੇਂਨਟੀਨੈਸ ਦਾ ਕੀ ਪ੍ਰਬੰਧ ਕੀਤਾ ਜਾਵੇਗਾ। ਜਿਸ ਤੇ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 27.2.2020 ਰਾਹੀਂ ਦੱਸਿਆ ਹੈ ਕਿ ਉਕਤ ਟੋਆਇਲਟ ਬਲਾਕ ਰੋਟਰੀ ਕਲੱਬ ਵਲੋਂ ਬਣਾਏ ਗਏ ਹਨ, ਜਿਹਨਾਂ ਦੀ ਡਰਾਇੰਗਾਂ ਫਾਇਲ ਵਿਚ ਲਗਾ ਦਿੱਤੀਆ ਗਈਆ ਹਨ। ਇਹਨਾ ਟੋਆਇਲਟ ਬਲਾਕਾਂ ਵਿਚ ਪਾਣੀ ਦੀ ਸਪਲਾਈ, ਸੀਵਰੇਜ਼ ਅਤੇ ਬਿਜਲੀ ਦੀ ਸੁਵਿਧਾ ਅਤੇ ਮੇਨਟੀਨੈਂਸ ਨਗਰ ਨਿਗਮ ਜਲੰਧਰ ਵਲੋਂ ਕੀਤੀ ਜਾਣੀ ਹੈ, ਜਿਸ ਦੀ ਮੰਜੂਰੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਕਮਿਸ਼ਨਰ ਜੀ ਨੇ ਮਿਤੀ 27.2.2020 ਰਾਹੀਂ ਤਜਵੀਜ ਹਾਊਸ ਦੀ ਮੰਜੂਰੀ ਲੈਣ ਲਈ ਲਿਖਿਆ ਹੈ।ਮਾਨਯੋਗ ਮੇਅਰ ਜੀ ਨੇ ਮਿਤੀ : 3.03.2020 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਅੰਤਿਮ ਪ੍ਰਵਾਨਗੀ ਹਿਤ ਹਾਊਸ ਵਿਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-21

ਵਿਸ਼ਾ: ਸ੍ਰੀ ਅਸ਼ੋਕ ਭੀਲ ਸਪੁੱਤਰ ਸ੍ਰੀ ਪੂਰਨ ਚੰਦ, ਸੈਨੇਟਰੀ ਸੁਪਰਵਾਈਜ਼ਰ ਨੂੰ ਬਤੌਰ ਸੈਨੇਟਰੀ ਇੰਸਪੈਕਟਰ ਪਦਉਨਤ ਕਰਨ ਸਬੰਧੀ ਤਜ਼ਵੀਜ਼ ।

ਤਜ਼ਵੀਜ਼ ਵੱਲੋ ਗਿਆਨ ਚੰਦ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ, ਸ੍ਰੀ ਅਵਤਾਰ ਸਿੰਘ, ਕੌਂਸਲਰ, ਸ਼੍ਰੀਮਤੀ ਰੀਨਾ ਕੋਰ, ਕੋਂਸਲਰ, ਸ਼੍ਰੀਮਤੀ ਅੰਜਲੀ, ਕੌਂਸਲਰ, ਸ਼੍ਰੀਮਤੀ ਰਜਨੀ ਮੱਟੂ, ਕੌਂਸਲਰ ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਵਾਰਡਾਂ ਦੀ ਗਿਣਤੀ 60 ਤੋਂ ਵੱਧ ਕੇ 80 ਹੋ ਚੁੱਕੀ ਹੈ ਅਤੇ ਕਈ ਨਵੇਂ ਇਲਾਕੇ ਵੀ ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਸ਼ਾਮਲ ਹੋ ਗਏ ਹਨ।ਸ਼ਹਿਰ ਦੀ ਸਫਾਈ ਵਿਵਸਥਾ ਨੂੰ ਵੇਖਣ ਲਈ ਨਗਰ ਨਿਗਮ ਦੇ ਬਜਟ ਵਿੱਚ 22 ਸੈਨੇਟਰੀ ਇੰਸਪੈਕਟਰਾਂ ਦੀਆਂ ਆਸਾਮੀਆਂ ਪ੍ਰਵਾਨਤ ਹਨ।ਇਹਨਾਂ 22 ਪ੍ਰਵਾਨਤ ਅਸਾਮੀਆਂ ਵਿਚੋਂ ਹਾਲ ਦੀ ਘੜੀ ਸਿਰਫ 12 ਸੈਨੇਟਰੀ ਇੰਸਪੈਕਟਰ ਕੰਮ ਕਰ ਰਹੇ ਹਨ ਅਤੇ 10 ਅਸਾਮੀਆਂ ਖਾਲੀ ਪਈਆਂ ਹਨ।ਖਾਲੀ ਅਸਾਮੀਆਂ ਹੋਣ ਕਾਰਨ ਅਤੇ ਸਿਰਫ 10 ਸੈਨੇਟਰੀ ਇੰਸਪੈਕਟਰਾਂ ਨਾਲ ਸ਼ਹਿਰ ਦੀ ਸਫਾਈ ਵਿਵਸਥਾ ਤੇ ਨਿਗਰਾਨੀ ਕਰਨਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਸਰਕਾਰ ਵਲੋਂ ਵੀ ਅਜੇ ਤੱਕ ਇਨਾਂ ਖਾਲੀ ਆਸਾਮੀਆਂ ਨੂੰ ਭਰਣ ਦੇ ਕੋਈ ਯਤਨ ਨਹੀਂ ਕੀਤੇ ਜਾ ਰਹੇ ਹਨ। ਸਾਨੂੰ ਪਤਾ ਲੱਗਾ ਹੈ ਕਿ ਨਗਰ ਨਿਗਮ ਦੇ ਸੈਨੇਟਰੀ ਸੁਪਰਵਾਈਜ਼ਰਾਂ ਵਿਚੋਂ ਸ੍ਰੀ ਅਸ਼ੋਕ ਕੁਮਾਰ ਸਪੁੱਤਰ ਸ੍ਰੀ ਪੂਰਨ ਚੰਦ, ਸੀਨੀਅਰ ਸੈਨੇਟਰੀ ਸੁਪਰਵਾਈਜ਼ਰ ਨੇ ਸੈਨੇਟਰੀ ਇੰਸਪੈਕਟਰ ਦਾ ਕੋਰਸ ਜਨਵਰੀ 2015 ਵਿੱਚ ਕੀਤਾ ਹੋਇਆ ਹੈ ਅਤੇ ਇਹ ਕਰਮਚਾਰੀ ਬਤੌਰ ਸੈਨੇਟਰੀ ਸੁਪਰਵਾਈਜਰ ਆਪਣੇ ਕੰਮ ਤੋਂ ਇਲਾਵਾ ਵਾਰਡ ਨੰ: 57,59,60,65,68,70 ਅਤੇ 79 ਦੀ ਸਫਾਈ ਵਿਵਸਥਾ ਦੀ ਨਿਗਰਾਨੀ ਦਾ ਕੰਮ ਪੂਰੀ ਮਿਹਨਤ ਲਗਨ ਅਤੇ ਇਮਾਨਦਾਰੀ ਨਾਲ ਕਰ ਰਿਹਾ ਹੈ ਦਸੰਬਰ 2016 ਵਿੱਚ ਇਸ ਕਰਮਚਾਰੀ ਨੇ ਨੋਰਥ ਹਲਕੇ ਵਿੱਚ ਬਹੁਤ ਸਾਰੇ ਕੂੜੇ ਦੇ ਡੰਪਾ ਨੂੰ ਪੱਕੇ ਤੌਰ ਤੇ ਖਤਮ ਕੀਤਾ ਸੀ।ਇਸ ਕਰਮਚਾਰੀ ਦੀ ਮਿਹਨਤ ਅਤੇ ਲਗਨ ਨੂੰ ਦੇਖਦਿਆਂ ਹੋਇਆ ਗਣਤੰਤਰ ਦਿਵਸ 26 ਜਨਵਰੀ 2017, ਆਜ਼ਾਦੀ ਦਿਵਸ 15 ਅਗਸਤ 2019, 25 ਸਤੰਬਰ 2019 ਮੇਲਾ ਸਿੱਧ ਬਾਬਾ ਸੋਡਲ ਤੇ ਨਗਰ ਨਿਗਮ, ਜਲੰਧਰ ਦੇ ਮੇਅਰ ਸਾਹਿਬ ਅਤੇ ਕਮਿਸ਼ਨਰ ਜੀ ਵਲੋਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਨੂੰ ਸਮਰਪਿਤ ਸੁਲਤਾਨਪੁਰ ਲੋਧੀ ਵਿੱਚ ਨਿਭਾਈ ਡਿਉਟੀ ਤੇ ਰਿਜ਼ਨਲ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਵਲੋਂ ਮਿਤੀ: 15 ਨਵੰਬਰ 2019 ਅਤੇ ਦਸੰਬਰ 2019 ਨੂੰ ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਵਿਸ਼ੇਸ਼ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਤਜ਼ਵੀਜ਼ ਕੀਤਾ ਜਾਂਦਾ ਹੈ ਕਿ ਸ੍ਰੀ ਅਸ਼ੋਕ ਕੁਮਾਰ ਸਪੁੱਤਰ ਸ੍ਰੀ ਪੂਰਨ ਚੰਦ, ਸੈਨੇਟਰੀ ਸੁਪਰਵਾਈਜ਼ਰ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਇਸ ਤਜ਼ਵੀਜ਼ ਨੂੰ ਵਿਸ਼ੇਸ਼ ਤੌਰ ਤੇ ਵਿਚਾਰਦੇ ਹੋਏ ਇਸ ਕਰਮਚਾਰੀ ਨੂੰ ਬਤੌਰ ਸੈਨੇਟਰੀ ਇੰਸਪੈਕਟਰ ਪਦਉਨਤ ਕੀਤਾ ਜਾਵੇ ਤਾਂ ਜ਼ੋ ਕਿ ਇਹੋ ਜਿਹੇ ਮਿਹਨਤੀ ਅਤੇ ਆਪਣੇ ਕੰਮ ਨੂੰ ਇਮਾਨਦਾਰੀ ਨਾਲ ਕਰਨ ਵਾਲੇ ਨੂੰ ਸ਼ਹਿਰ ਦੇ ਕੁਝ ਵਾਰਡਾਂ ਦੀ ਸਫਾਈ ਵਿਵਸਥਾ ਪੱਕੇ ਤੌਰ ਤੇ ਇਸ ਦੇ ਹਵਾਲੇ ਕੀਤੀ ਜਾ ਸਕੇ।ਸਾਨੂੰ ਪੂਰੀ ਆਸ ਹੈ ਕਿ ਇਹ ਕਰਮਚਾਰੀ ਬਤੌਰ ਸੈਨੇਟਰੀ ਇੰਸਪੈਕਟਰ ਆਪਣਾ ਕੰਮ ਹੋਰ ਮਿਹਨਤ ਅਤੇ ਲਗਨ ਨਾਲ ਕਰੇਗਾ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 09.01.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰ ਵਟਾਂਦਰੇ ਦੋਰਾਨ ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਦਫਤਰੀ ਰਿਪੋਰਟ ਲੈ ਕੇ ਅਤੇ ਸੈਨੀਟੇਸ਼ਨ ਐਡਹਾਕ ਕਮੇਟੀ ਦੇ ਰਾਹੀਂ ਇਸ ਮੱਦ ਨੂੰ ਦੁਬਾਰਾ ਪੇਸ਼ ਕੀਤਾ ਜਾਵੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

ਮਤਾ ਨੰ:-22

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਬਿਲਡਿੰਗ ਸ਼ਾਖਾ ਵਿੱਚ ਸਟਾਫ ਦੀ ਘਾਟ ਹੋਣ ਕਾਰਨ ਸੇਵਾ ਮੁੱਕਤ ਹੋਏ ਕਰਮਚਾਰੀ ਸ਼੍ਰੀ ਨਰੇਸ਼ ਕੁਮਾਰ ਮਹਿਤਾ, ਸਹਾਇਕ ਟਾਊਨ ਪਲੈਨਰ ਨੂੰ ਕੰਟਰੈਕਟ ਦੇ ਆਧਾਰ ਤੇ ਰੱਖਣ ਸਬੰਧੀ।

ਹਵਾਲਾ:- ਮਾਣਯੋਗ ਐਮ.ਐਲ.ਏ. ਸ਼੍ਰੀ ਰਜਿੰਦਰ ਬੇਰੀ ਜੀ ਹਲਕਾ ਜਲੰਧਰ ਕੇਂਦਰੀ ਵਲੋਂ ਭੇਜੇ ਗਏ ਪੱਤਰ ਨੰ: ਸੀ/320/ਮੇਅਰ ਮਿਤੀ 08.01.2020 ਦੀ ਰੋਸ਼ਨੀ ਵਿੱਚ।

ਪੜ੍ਹਿਆ ਨੋਟ ਮਿਉਂਸੀਪਲ ਟਾਊਨ ਪਲੈਨਰ ਮਿਤੀ 10.1.2020 ਜਿਸ ਦੀ ਸ਼ਿਫਾਰਸ਼ ਸੰਯਕਤ ਕਮਿਸ਼ਨਰ (ਐਚ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਤਹਿਤ ਆਪ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਹਲਕਾ ਜਲੰਧਰ ਕੇਂਦਰੀ ਦੇ ਮਾਣਯੋਗ ਐਮ.ਐਲ.ਏ. ਸਾਹਿਬ ਵਲੋਂ ਨਗਰ ਨਿਗਮ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਨਗਰ ਨਿਗਮ ਦੀ ਬਿਲਡਿੰਗ ਸ਼ਾਖਾ ਵਿੱਚ ਟੈਕਨੀਕਲ ਸਟਾਫ ਦੀ ਘਾਟ ਹੋਣ ਕਾਰਨ ਦਫਤਰੀ ਕੰਮਾਂ ਕਾਰਾਂ ਵਿੱਚ ਬੇ-ਲੋੜੀ ਦੇਰੀ ਹੁੰਦੀ ਹੈ। ਜਿਸ ਨਾਲ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਲਾਕਾ ਨਿਵਾਸੀਆਂ ਵਲੋਂ ਉਹਨਾਂ ਨੂੰ ਬਤੌਰ ਐਮ.ਐਲ.ਏ. ਵੀ ਕਾਫੀ ਸ਼ਿਕਾਇਤਾਂ ਅਤੇ ਗਿਲੇ ਸ਼ਿਕਵੇ ਕੀਤੇ ਜਾਦੇ ਹਨ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਬਿਲਡਿੰਗ ਸ਼ਾਖਾ ਵਿੱਚ ਟੈਕਨੀਕਲ ਸਟਾਫ ਜਿਨ੍ਹਾਂ ਵਿੱਚ ਸਹਾਇਕ ਟਾਊਨ ਪਲੈਨਰ ਮੁੱਖ ਰੂਪ ਵਿੱਚ ਹਨ, ਉਹਨਾਂ ਦੀ ਬਹੁਤ ਘਾਟ ਹੈ ਅਤੇ ਸਹਾਇਕ ਟਾਊਨ ਪਲੈਨਰਾ ਦਾ ਕੰਮ ਵਾਧੂ ਚਾਰਜ ਦੇ ਕੇ ਦੂਸਰੇ ਅਧਿਕਾਰੀਆਂ/ਕਰਮਚਾਰੀਆਂ ਤੋਂ ਲਿਆ ਜਾ ਰਿਹਾ ਹੈ। ਨਗਰ ਨਿਗਮ ਦੇ ਪ੍ਰਵਾਨਤ ਬਜਟ ਅਨੁਸਾਰ ਬਿਲਡਿੰਗ ਸ਼ਾਖਾ ਵਿੱਚ 09 ਸਹਾਇਕ ਟਾਊਨ ਪਲੈਨਰਾਂ ਦੀਆਂ ਮੰਜੂਰਸ਼ੁਦਾ ਪੋਸਟਾਂ ਹਨ, ਪਰੰਤੂ ਇਸ ਸਮੇਂ ਪੱਕੇ ਤੌਰ ਤੇ ਸਿਰਫ 01 ਹੀ ਸਹਾਇਕ ਟਾਊਨ ਪਲੈਨਰ ਕੰਮ ਕਰ ਰਿਹਾ ਹੈ ਅਤੇ 02 ਐਚ.ਡੀ.ਐਮ. ਤੋਂ ਵਾਧੂ ਕੰਮ ਲਿਆ ਜਾ ਰਿਹਾ ਹੈ। ਜਿਸ ਕਾਰਨ ਦਫਤਰੀ ਕੰਮ ਵਿੱਚ ਬਹੁਤ ਦਬਾਅ ਹੋਣ ਕਾਰਨ ਸਮੇਂ ਸਿਰ ਲੋਕਾਂ ਨੂੰ ਸੁਵਿਧਾਵਾਂ ਨਹੀਂ ਮਿਲ ਰਹੀਆਂ ਹਨ ਅਤੇ ਵਿਭਾਗ ਵਿੱਚ ਕੰਮ ਦੇ ਨਿਪਟਾਰੇ ਵਿੱਚ ਬੇ-ਲੋੜੀ ਦੇਰੀ ਹੋ ਰਹੀ ਹੈ। ਇਸ ਤੋਂ ਇਲਾਵਾ ਬਿਲਡਿੰਗ ਸ਼ਾਖਾ ਵਿੱਚ ਹਾਈਕੋਰਟ ਅਤੇ ਲੋਅਰ ਕੋਰਟ ਕੇਸ, ਆਰ.ਟੀ.ਆਈ. ਕੇਸ, ਲੋਕਪਾਲ ਕੇਸ, ਸ਼ਿਕਾਇਤਾਂ ਆਦਿ ਦੇ ਨਿਪਟਾਰੇ ਕਰਨ ਵਿੱਚ ਬੇ-ਲੋੜੀ ਦੇਰੀ ਹੁੰਦੀ ਹੈ। ਇਸ ਲਈ ਯੋਗ ਹੋਵੇਗਾ ਕਿ ਮਾਣਯੋਗ ਐਮ.ਐਲ.ਏ. ਜੀ ਦੀ ਤਜਵੀਜ ਨੂੰ ਮੁੱਖ ਰੱਖਦੇ ਹੋਏ ਸੇਵਾ ਮੁੱਕਤ ਹੋਏ ਕਰਮਚਾਰੀ ਸ਼੍ਰੀ ਨਰੇਸ਼ ਕੁਮਾਰ ਮਹਿਤਾ, ਸਹਾਇਕ ਟਾਊਨ ਪਲੈਨਰ ਜ਼ੋ ਕਿ ਹੁਣੇ ਹੀ ਇਸ ਨਗਰ ਨਿਗਮ ਵਿਚੋਂ ਸੇਵਾ ਮੁੱਕਤ ਹੋਏ ਹਨ ਅਤੇ ਉਹਨਾਂ ਨੂੰ ਇਸ ਦਫਤਰ ਦੇ ਟੈਕਨੀਕਲ ਕੰਮ ਕਾਜ ਦਾ ਕਾਫੀ ਗਿਆਨ ਹੋਣ ਕਾਰਨ ਆਮ ਲੋਕਾਂ ਦੀ ਸੁਵਿਧਾ ਅਤੇ ਪ੍ਰਸ਼ਾਸਨਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੰਟਰੈਕਟ ਦੇ ਆਧਾਰ ਤੇ ਰੱਖਣ ਦੀ ਬੇਨਤੀ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 20.1.2020 ਰਾਹੀਂ ਇਸ ਅਧਿਕਾਰੀ ਦੀ ਪ੍ਰਸਨਲ ਫਾਈਲ ਨਾਲ ਲਗਾਉਣ ਦੇ ਹੁਕਮ ਕੀਤੇ ਹਨ।

ਇਸ ਬਾਬਤ ਮਿਉਂਸੀਪਲ ਟਾਊਨ ਪਲੈਨਰ ਨੇ ਮਿਤੀ 14.2.2020 ਰਾਹੀਂ ਲਿਖਿਆ ਹੈ ਕਿ ਸਬੰਧਤ ਕਰਮਚਾਰੀ ਦੀ ਨਿਜੀ ਫਾਇਲ ਦਾ ਵਿਸ਼ਲੇਸ਼ਨ ਕਰਨ ਉਪਰੰਤ ਇਹ ਤੱਥ ਸਾਹਮਣੇ ਆਏ ਹਨ ਕਿ ਸ਼੍ਰੀ ਨਰੇਸ਼ ਮਹਿਤਾ, ਸੇਵਾ ਮੁਕਤ, ਸਹਾਇਕ ਟਾਊਨ ਪਲੈਨਰ, ਨੂੰ ਸਰਕਾਰ ਵਲੋਂ ਮਿਤੀ 29.06.2018 ਨੂੰ ਮੁਅਤੱਲ ਕਰ ਦਿੱਤਾ ਗਿਆ ਸੀ। ਇਸ ਉਪਰੰਤ ਇਸ ਕਰਮਚਾਰੀ ਨੇ ਆਪਣੀ ਪ੍ਰਤੀ ਬੇਨਤੀ ਸਰਕਾਰ ਨੂੰ ਰਾਹੀਂ ਨਗਰ ਨਿਗਮ ਜਲੰਧਰ ਭੇਜੀ ਗਈ ਸੀ। ਜਿਸ ਵਿੱਚ ਇਸ ਕਰਮਚਾਰੀ ਨੇ ਇਹ ਤੱਥ ਸਾਹਮਣੇ ਲੈ ਕੇ ਆਉਂਦੇ ਕਿ ਜਿਸ ਕਲੋਨੀ ਦੇ ਕਾਰਨ ਇਸ ਨੂੰ ਜਿਮੇਵਾਰ ਠਹਿਰਾਇਆ ਗਿਆ ਸੀ। ਉਸ ਦੀ ਇੰਨਕੁਆਰੀ ਰਿਪੋਰਟ ਮਾਣਯੋਗ ਕਮਿਸ਼ਨਰ ਜੀ ਵਲੋਂ ਸਰਕਾਰ ਨੂੰ ਭੇਜੀ ਗਈ ਸੀ। ਜਿਸ ਵਿੱਚ ਇਸ ਕਰਮਚਾਰੀ ਨੂੰ ਦੋਸ਼ ਮੁਕਤ ਸਾਬਿਤ ਕਰਦੇ ਹੋਏ ਦੋਸ਼ ਮੁਕਤ ਕੀਤਾ ਗਿਆ ਸੀ। ਇਹਨਾਂ ਸਾਰੇ ਤੱਥਾਂ ਨੂੰ ਵਾਚਦੇ ਹੋਏ ਸਰਕਾਰ ਵਲੋਂ ਆਪਣੇ ਹੁਕਮ ਨੰਬਰ 13/101/2018-4ਸਸ1/917 ਮਿਤੀ 10.06.2019 ਰਾਹੀਂ ਇਸ ਕਰਮਚਾਰੀ ਨੂੰ ਕੀਤੀ ਗਈ ਚਾਰਜਸ਼ੀਟ ਦਾਖਲ ਦਫਤਰ ਕਰਕੇ ਦੋਸ਼ ਮੁਕਤ ਕਰ ਦਿੱਤਾ ਗਿਆ। ਮੋਜੂਦਾ ਸਮੇਂ ਬਿਲਡਿੰਗ ਸ਼ਾਖਾ ਵਿੱਚ ਟੈਕਨੀਕਲ ਸਟਾਫ ਜਿਨ੍ਹਾਂ ਵਿੱਚ ਸਹਾਇਕ ਟਾਊਨ ਪਲੈਨਰ ਮੁੱਖ ਰੂਪ ਵਿੱਚ ਹਨ, ਉਹਨਾਂ ਦੀ ਬਹੁਤ ਘਾਟ ਹੈ ਅਤੇ ਸਹਾਇਕ ਟਾਊਨ ਪਲੈਨਰਾ ਦਾ ਕੰਮ ਵਾਧੂ ਚਾਰਜ ਦੇ ਕੇ ਦੂਸਰੇ ਅਧਿਕਾਰੀਆਂ/ਕਰਮਚਾਰੀਆਂ ਤੋਂ ਲਿਆ ਜਾ ਰਿਹਾ ਹੈ।ਇਸ ਲਈ ਯੋਗ ਹੋਵੇਗਾ ਕਿ ਮਾਣਯੋਗ ਐਮ.ਐਲ.ਏ. ਜੀ ਦੀ ਤਜਵੀਜ ਨੂੰ ਮੁੱਖ ਰੱਖਦੇ ਹੋਏ ਸੇਵਾ ਮੁੱਕਤ ਹੋਏ ਕਰਮਚਾਰੀ ਸ਼੍ਰੀ ਨਰੇਸ਼ ਕੁਮਾਰ ਮਹਿਤਾ, ਸਹਾਇਕ ਟਾਊਨ ਪਲੈਨਰ ਜ਼ੋ ਕਿ ਹੁਣੇ ਹੀ ਇਸ ਨਗਰ ਨਿਗਮ ਵਿਚੋਂ ਸੇਵਾ ਮੁੱਕਤ ਹੋਏ ਹਨ ਅਤੇ ਉਹਨਾਂ ਨੂੰ ਇਸ ਦਫਤਰ ਦੇ ਟੈਕਨੀਕਲ ਕੰਮ ਕਾਜ ਦਾ ਕਾਫੀ ਗਿਆਨ ਹੋਣ ਕਾਰਨ ਆਮ ਲੋਕਾਂ ਦੀ ਸੁਵਿਧਾ ਅਤੇ ਪ੍ਰਸ਼ਾਸਨਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਨਿਯਮਾਂ ਅਨੁਸਾਰ ਕੰਟਰੈਕਟ ਦੇ ਆਧਾਰ ਤੇ ਰੱਖਣ ਦੀ ਬੇਨਤੀ ਕੀਤੀ ਜਾਂਦੀ ਹੈ । ਜਿਸ ਨਾਲ ਸੰਯੁਕਤ ਕਮਿਸ਼ਨਰ ਨੇ ਮਿਤੀ 14.2.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 14.2.2020 ਰਾਹੀਂ ਲਿਖਿਆ ਹੈ ਕਿ " As there is deficiency of staff proposal may be sent to govt. for approval after consent of house. ਮਾਨਯੋਗ ਮੇਅਰ ਜੀ ਨੇ ਮਿਤੀ 14.2.2020 ਰਾਹੀਂ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਐਮ.ਟੀ.ਪੀ. ਵਲੋਂ ਹਾਊਸ ਨੂੰ ਜਾਣਕਾਰੀ ਦਿੱਤੀ ਗਈ ਕਿ ਇਸ ਮੱਦ ਸਬੰਧੀ ਸਰਕਾਰ ਵਲੋਂ ਆਪਣੇ ਪੱਤਰ ਨੰ: ਸ3-ਡਸਸ-ਮਸਸ-(ਸਹਾਇਕ ਟਾਊਨ ਪਲੈਨਰ)-20/38867 ਮਿਤੀ 30.9.2020 ਰਾਹੀਂ ਲਿਖਿਆ ਹੈ ਕਿ ਉਸ ਵਿਭਾਗ ਦੇ ਮੀਮੋ ਨੰ: ਭਰਤੀ ਸੈਲ-ਡਸਸ-2020/188 ਮਿਤੀ 28.9.2020 ਦੀ ਰੋਸ਼ਨੀ ਵਿਚ ਕਰਮਚਾਰੀ ਨੂੰ ਆਊਟ ਸੋਰਸ ਏਜੰਸੀ ਰਾਹੀਂ ਆਪਣੇ ਪੱਧਰ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
17.11.2020

ਮਤਾ ਨੰ:-23

ਵਿਸ਼ਾ:- ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ,1976 ਦੀ ਧਾਰਾ 42 ਤਹਿਤ ਕਮੇਟੀਆ ਬਣਾਉਣ ਬਾਬਤ।

ਹਵਾਲਾ:- ਮਾਨਯੋਗ ਮੇਅਰ ਜੀ ਦੇ ਦਫਤਰ ਦੇ ਪੱਤਰ ਨੰ: ਡੀ/233/ਮੇਅਰ ਮਿਤੀ 31.1.2020, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਨਗਰ ਨਿਗਮ ਹਾਊਸ ਵਲੋਂ ਮਤਾ ਨੰ: 32 ਮਿਤੀ 5.3.2018 ਰਾਹੀਂ ਨਗਰ ਨਿਗਮ ਦੀਆਂ ਐਡਹਾਕ ਕਮੇਟੀਆਂ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 42 ਤਹਿਤ ਬਣਾਉਣ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ਸੀ। ਹਵਾਲੇ ਅਧੀਨ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਵਲੋਂ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਗਠਤ ਕੀਤੀਆਂ ਗਈਆਂ ਕਮੇਟੀਆਂ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| | |
|---|---|
| 1 | BUILDING AND ROADS ADHOC COMMITTEE |
| | Sh. Jagdish Kumar Dakoha, Councillor (W.No.12) – Chairman<br>Smt. Sarfo Devi, Councillor (W.No. 69)- Member<br>Sh. Des Raj Jassal, Councillor (W.No. 80) - Member<br>Smt. Harsharan Kaur, Councillor (W.No. 31) - Member<br>Sh. Deepak Sharda, Councillor (W.No. 62) – Member<br>Sh. Madan Lal, Councillor (W.No. 74) - Member<br>Smt. Jaspal Kaur Bhatia, Councillor (W.No. 45) – Member |
| 2 | TOWN PLANNING AND BUILDING ADHOC COMMITTEE |
| | Sh. Nirmal Singh, Councillor (W.No. 6) - Chairman<br>Smt. Manjit Kaur, Councillor (W.No. 21) - Member<br>Sh. Sushil Kalia, Councillor (W.No. 64) - Member<br>Sh. Lakhvir Singh Bajwa, Councillor (W.No. 76) – Member<br>Smt. Dolly, Councillor (W.No. 15) - Member<br>Sh. Sushil Kumar, Councillor (W.No. 2) – Member |
| 3 | WATER SUPPLY & SEWERAGE DISPOSAL COMMITTEE |
| | Sh. Pawan Kumar, Councillor (W.No. 30) – Chairman<br>Smt. Radhika Pathak, Councillor (W.No. 51) - Member<br>Smt. Rishma Khosla, Coucillor (W.No. 61) – Member<br>Sh. Rajinder Kumar Juneja, Councillor (W.No. 24) - Member<br>Smt. Chanderjit Kaur Sandha, Councillor (W.No. 73) – Member |
| 4 | SANITATION & HEALTH ADHOC COMMITTEE |
| | Sh. Balraj Thakur, Councillor (W.No. 28) – Chairman<br>Sh. Des Raj Jassal, Councillor (W.No. 80) -Member<br>Sh. Avtar Singh, Councillor (W.No. 60)- Member<br>Sh. Paramjot Singh, Councillor (W.No. 50) - Member<br>Sh. Sucha Singh, Councillor (W.No. 32) - Member<br>Sh. Jagdish Ram, Councillor (W.No. 78) - Member<br>Sh. Rohan Sehgal, Councillor (W.No. 26) – Member<br>Sh. J.P.Shamsher Singh Khehra, Councillor (W.No. 8)-Member<br>Smt. Satinderjit Kaur, Councillor (W.No. 71) – Member<br>Sh. Manjinder Singh Chatha, Councillor (W.No. 14) – Member |
| 5 | STREET LIGHT ADHOC COMMITTEE |
| | Smt. Mandip Kaur Multani, Councillor (W.No. 9) – Chairman<br>Sh. Avtar Singh, Councillor (W.No. 60)-Member |

| | |
|---|---|
| | Smt. Parveena, Councillor (W.No.11) - Member<br>Smt. Paramjit Kaur Bagri, Councillor (W.No. 29) - Member<br>Smt. Babita Rani, Councillor (W.No.43) - Member<br>Sh. Rajwinder Singh Raja, Councillor (W.No. 58) – Member<br>Smt. Shally Khanna, Councillor (W.No. 17) – Member |
| 6 | TEHBAZARI ADHOC COMMITTEE |
| | Smt. Arurna Arora, Councillor (W.No. 27) – Chairman<br>Sh. Palli Appan, Councillor (W.No. 56)- Member<br>Smt. Kamla Rani, Councillor (W.No. 33) - Member<br>Smt. Rajni Bahri, Councillor (W.No. 53) - Member<br>Smt. Geeta Rani, Councillor (W.No. 35) – Member |
| 7 | ADVERTISEMENT ADHOC COMMITTEE |
| | Smt. Neerja Jain, Councillor (W.No. 23) – Chairman<br>Smt. Sarabjit Kaur, Councillor (W.No. 25)- Member<br>Sh. Manmohan Singh, Councillor (W.No. 16) - Member<br>Sh. Omkar Rajiv Tikka, Councillor (W.No. 38) - Member<br>Smt. Reeta Sharma, Councillor (W.No. 54) - Member<br>Smt. Shaweta Dhir, Councillor (W.No. 77) – Member |
| 8 | WORKSHOP ADHOC COMMITTEE |
| | Smt. Reena Kaur, Councillor (W.No. 59) – Chairman<br>Smt. Jaswinder Kaur, Councillor (W.No. 63) - Member<br>Sh. Mintu, Councillor (W.No. 72)-Member<br>Sh. Vipan Kumar Chadha, Councillor (W.No. 52) – Member<br>Sh. Paramjit Singh Reru, Councillor (W.No. 4) –Member |
| 9 | AUCTION ADHOC COMMITTEE |
| | Sh. Tarsem Singh Lakhotra, Councillor (W.No. 34) – Chairman<br>Sh. Palli Appan, Councillor (W.No. 56) - Member<br>Smt. Anita, Councillor (W.No. 75) –Member<br>Smt. Vandna, Councillor (W.No. 55) –Member<br>Sh. Baljit Singh Thind, Councillor (W.No. 18) –Member |
| 10 | FIRE BRIGADE ADHOC COMMITTEE |
| | Sh. Mandip Kumar Jassal, Councillor (W.No. 10) – Chairman<br>Smt. Sarabjit Kaur, Councillor (W.No. 25)- Member<br>Smt. Rajni Mattu, Councillor (W.No. 57) – Member<br>Sh. Viresh Kumar, Councillor (W.No. 40) –Member |
| 11 | LANDSCAPE AND BEAUTIFICATION ADHOC COMMITTEE |
| | Smt. Kamlesh Grover, Councillor (W.No. 37) – Chairman<br>Smt. Anjali, Councillor (W.No. 65) - Member<br>Smt. Jasleen Sethi, Councillor (W.No. 20) – Member<br>Sh. Parabhdyal Bhagat, Councillor (W.No. 22) – Member<br>Smt. Tamanreet Kaur, Councillor (W.No. 1) – Member |
| 12 | PUBLIC RELATIONS ADHOC COMMITTEE |
| | Sh. Bachan Lal, Councillor (W.No. 36) – Chairman<br>Smt. Sarfo Devi, Councillor (W.No. 69)-Member<br>Smt. Neelam, Councillor (W.No. 7) – Member<br>Smt. Risha Saini, Councillor (W.No. 3) – Member |

| | |
|---|---|
| | Smt. Baljinder Kaur, Councillor (W.No. 5) – Member |
| 13 | EMPLOYEES WELFARE ADHOC COMMITTEE |
| | Smt. Bimla Rani, Councillor (W.No. 13) – Chairman<br>Smt. Jaswinder Kaur, Councillor (W.No. 63)- Member<br>Smt. Balwinder Kaur, Councillor (W.No. 47) – Member<br>Sh. Davinder Singh Rony, Councillor (W.No. 66) – Member |
| 14 | PROPERTY TAX ADHOC COMMITTEE |
| | Smt. Kawaljit Kaur Gullu, Councillor (W.No. 67) – Chairman<br>Smt. Anjali, Councillor (W.No. 65) –Member<br>Smt. Anita, Councillor (W.No. 46) - Member<br>Smt. Anita, Councillor (W.No. 41) –Member<br>Smt. Jaspal Kaur Nagra, Councillor (W.No. 79) –Member |

The term of these Adhoc Committees will be for one year and Number of members can be increased at any time. The purview of these committees except Property Tax Adhoc Committee will be the same as contained in Resolution No. 801 dated 25.11.1991. The purview of the Property Tax Adhoc Committee will be as under:

**PROPERTY TAX ADHOC COMMITTEE:**

1. To examine and suggest the proposals for alteration of rate of tax and amendment of bye-laws etc.
2. To examine the proposals regarding exemption to various classes.
3. To suggest proposals regarding survey and manner in which it should be conducted for preparation of Property Register as required Under Section 101 (as amended) of Punjab Municipal Corporation Act, 1976.

The respective Heads of Departments shall be Ex-officio Secretary for each Committee/Adhoc Committees.

The proceedings of these Committees will take effect after these are approved by the Mayor.

Sd/-(Jagdish Raj Raja)
Mayor

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 31.01.2020 ਅਨੁਸਾਰ ਉਕਤ ਕਮੇਟੀਆਂ ਹਾਊਸ ਦੀ ਜਾਣਕਾਰੀ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-24**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਹਾਊਸ ਨੂੰ ਦੇਣ ਸਬੰਧੀ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਵੱਖ-ਵੱਖ ਮਿਤੀਆਂ ਨੂੰ ਹੇਠ ਅਨੁਸਾਰ ਹੋਈਆਂ ਹਨ, ਜਿਹਨਾਂ ਦੀਆਂ ਕਾਰਵਾਈਆਂ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਹਾਊਸ ਵਿੱਚ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਜੀ।

| ਲੜੀ ਨੰ: | ਮੀਟਿੰਗ ਦੀ ਮਿਤੀ | ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰਬਰ |
|---|---|---|
| 1 | 6.12.2019 | 198-206 |
| 2 | 20.12.2019 | 207-223 |
| 3 | 8.01.2020 | 1-19 |
| 4 | 23.01.2020 | 20-33 |
| 5 | 13.02.2020 | 34-45 |
| 6 | 3.3.2020 | 46-53 |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
17.11.2020

**ਮਤਾ ਨੰ:-25**

ਵਿਸ਼ਾ :- ਪੀ.ਜੀ. ਅਤੇ ਪ੍ਰਵਾਸੀ ਮਜ਼ਦੂਰਾਂ ਦੇ ਰਹਿਣ ਵਾਲੇ ਕਵਾਟਰਾਂ ਤੋਂ ਪ੍ਰਾਪਰਟੀ ਟੈਕਸ ਲੈਣ ਬਾਰੇ।

ਪੜ੍ਹਿਆ ਨੋਟ ਸੁਪਰਡੰਟ, ਪ੍ਰਾਪਰਟੀ ਟੈਕਸ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਕਿ ਪ੍ਰਾਪਰਟੀ ਟੈਕਸ ਦੇ ਮੌਜੂਦਾ ਸਿਸਟਮ ਵਿੱਚ ਸ਼ਹਿਰ ਵਿਚ ਬਣੇ ਹੋਏ ਪੀ.ਜੀ. ਅਤੇ ਪ੍ਰਵਾਸੀ ਮਜ਼ਦੂਰਾਂ ਦੇ ਰਹਿਣ ਵਾਲੇ ਕਵਾਟਰਾਂ ਤੇ ਅਲੱਗ ਤੋਂ ਪ੍ਰਾਪਰਟੀ ਟੈਕਸ ਵਸੂਲਣ ਦਾ ਕੋਈ ਉਪਬੰਧ ਨਹੀਂ ਹੈ ਅਤੇ ਇਹਨਾਂ ਪਾਸੋਂ ਸਵੈ-ਰਿਹਾਇਸ਼ੀ ਕੈਟਾਗਿਰੀ ਵਿੱਚ ਹੀ ਪ੍ਰਾਪਰਟੀ ਟੈਕਸ ਵਸੂਲਿਆ ਜਾਂਦਾ ਹੈ ਜ਼ੋ ਕਿ ਬਹੁਤ ਘੱਟ ਹੈ ਜੱਦ ਕਿ ਇਹਨਾਂ ਵਿੱਚ ਰਹਿੰਦੇ ਲੋਕ ਕਾਫੀ ਘੱਟ ਕਿਰਾਇਆ ਦਿੰਦੇ ਹਨ। ਸ਼ਹਿਰ ਵਿੱਚ ਇਸ ਸਮੇਂ ਬਹੁਤ ਸਾਰੇ ਪੀ.ਜੀ. ਅਤੇ ਕਵਾਟਰ ਬਣੇ ਹੋਏ ਹਨ ਲੇਕਿਨ ਪ੍ਰਾਪਰਟੀ ਟੈਕਸ ਨੋਟੀਫੀਕੇਸ਼ਨ ਵਿੱਚ ਇਸ ਕੈਟਾਗਿਰੀ ਬਾਰੇ ਕੋਈ ਸਪੱਸ਼ਟਤਾ ਨਾ ਹੋਣ ਕਾਰਨ ਨਗਰ ਨਿਗਮ ਨੂੰ ਟੈਕਸ ਵਸੂਲੀ ਦਾ ਕਾਫੀ ਵਿੱਤੀ ਨੁਕਸਾਨ ਹੋ ਰਿਹਾ ਹੈ। ਇਸ ਲਈ ਪੀ.ਜੀ. ਅਤੇ ਪ੍ਰਵਾਸੀ ਮਜ਼ਦੂਰਾਂ ਦੇ ਕਵਾਟਰਾਂ ਤੋਂ Rented Commercial ਤੇ ਟੈਕਸ ਵਸੂਲਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਉਕਤ ਤਜਵੀਜ਼ ਤੇ ਕਮਿਸ਼ਨਰ ਜੀ ਨੇ ਮਿਤੀ : 06.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-26**

ਵਿਸ਼ਾ:- ਐਮ ਆਰ ਐਫ ਸੈਂਟਰਾਂ ਵਾਸਤੇ ਡਰਾਇੰਗ ਅਤੇ ਡਸਟ ਰਿਮੂਵਿੰਗ ਮਸ਼ੀਨਾਂ (ਫੱਟਕਾ ਮਸ਼ੀਨ) ਖਰੀਦਣ ਬਾਰੇ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 3.3.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸੰਬੰਧੀ ਦੱਸਿਆ ਜਾਂਦਾ ਹੈ ਕਿ ਸਵੱਛ ਭਾਰਤ ਅਧੀਨ ਨਗਰ ਨਿਗਮ ਦੀ ਹੱਦ ਦੇ ਅੰਦਰ ਵੱਖ-ਵੱਖ ਜਗਾ ਤੇ 21 ਐਮ ਆਰ ਐਫ ਸੈਂਟਰ ਬਣਾਏ ਜਾ ਰਹੇ ਹਨ। ਇਹਨ੍ਹਾਂ ਸੈਂਟਰਾਂ ਦੇ ਡਰਾਈ ਵੇਸਟ ਵਾਸਤੇ ਡਰਾਇੰਗ ਅਤੇ ਡਸਟ ਰਿਮੂਵਿੰਗ ਮਸ਼ੀਨਾਂ (ਫੱਟਕਾ ਮਸ਼ੀਨ) ਮਸ਼ੀਨਾਂ ਦੀ ਜਰੂਰਤ ਹੈ।ਇਹ ਮਸ਼ੀਨ ਗੰਦੇ ਪੋਲਿਥੀਨ ਤੋਂ ਮਿੱਟੀ ਨੂੰ ਝਾੜਦੀ ਹੈ ਅਤੇ ਨਮੀ ਨੂੰ ਸੁਕਾਂਦੀ ਹੈ ਜਿਸ ਨਾਲ ਪਲਾਸਟਿਕ ਅਤੇ ਪੋਲਿਥੀਨ ਨੂੰ ਬੇਲਿੰਗ ਕਰਨਾ ਅਸਾਨ ਹੋ ਜਾਂਦਾ ਹੈ। ਕੁਟੇਸਨ ਅਨੁਸਾਰ ਇੱਕ ਮਸ਼ੀਨ ਦੀ ਕੀਮਤ ਲਗਭਗ ਰੁਪਏ 2,15,000/- ਹੈ ਅਤੇ 10 ਮਸ਼ੀਨਾਂ ਦੀ ਕੀਮਤ ਰੁਪਏ 21,50,000/- ਬਣਦੀ ਹੈ।ਇਹਨਾਂ ਮਸ਼ੀਨਾਂ ਦੀ ਖਰੀਦ ਕਰਨ ਸਮੇਂ ਵਾਧਾ ਵੀ ਹੋ ਸਕਦਾ ਹੈ ਅਤੇ ਇਹ ਵਾਧਾ 10% ਮੰਨ ਦੇ ਹੋਏ ਇਹਨਾਂ ਮਸ਼ੀਨਾਂ ਦੀ ਕੀਮਤ ਰੁਪਏ 23,65,000/- ਤੱਕ ਹੋ ਸਕਦੀ ਹੈ।ਇਸਦੀ ਖਰੀਦ ਈ-ਟੈਂਡਿੰਰਗ ਰਾਹੀਂ ਕੀਤੀ ਜਾਣੀ ਹੈ।ਇਸ ਕਰਕੇ ਤਜਵੀਜ ਕੀਤੀ ਜਾਂਦੀ ਹੈ ਕਿ 10 ਡਰਾਇੰਗ ਅਤੇ ਡਸਟ ਰਿਮੂਵਿੰਗ ਮਸ਼ੀਨਾਂ (ਫੱਟਕਾ ਮਸ਼ੀਨ) ਖਰੀਦਣ ਵਾਸਤੇ ਰੁਪਏ 23,65,000/- ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ : 03.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.3.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਅਤੇ ਮੇਅਰ ਜੀ ਵਲੋਂ ਇਹ ਵੀ ਲਿਖਿਆ ਹੈ ਕਿ ਇਹਨਾਂ ਦੀ ਮੇਨਟੀਨੈਸ ਨਗਰ ਨਿਗਮ ਕਰੇਗੀ ਜਾਂ ਕੰਪਨੀ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਪਹਿਲਾਂ ਇਸ ਬਾਰੇ ਸਮੂਹ ਕੌਂਸਲਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ । ਜਿਸ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-27**

ਵਿਸ਼ਾ:- ਐਮ ਆਰ ਐਫ ਸੈਂਟਰਾਂ ਵਾਸਤੇ ਸ਼ਰੈਡਿੰਗ ਮਸ਼ੀਨਾਂ ਖਰੀਦਣ ਬਾਰੇ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 3.3.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਵੱਛ ਭਾਰਤ ਅਧੀਨ ਨਗਰ ਨਿਗਮ ਦੀ ਹੱਦ ਦੇ ਅੰਦਰ ਵੱਖ-ਵੱਖ ਜਗਾ ਤੇ 21 ਐਮ ਆਰ ਐਫ ਸੈਂਟਰ ਬਣਾਏ ਜਾ ਰਹੇ ਹਨ। ਇਨ੍ਹਾਂ ਸੈਂਟਰਾਂ ਦੇ ਵੈਟ ਵੇਸਟ ਵਾਸਤੇ ਸ਼ਰੈਡਿੰਗ ਮਸ਼ੀਨਾਂ ਦੀ ਜਰੂਰਤ ਹੈ।ਇੰਡੀਆ ਮਾਰਟ ਤੋਂ ਕੁਟੇਸ਼ਨ ਲਈ ਗਈ ਹੈ। ਇੱਕ ਮਸ਼ੀਨ ਦੀ ਕੀਮਤ ਲਗਭਗ ਰੁਪਏ 60,000/- ਹੈ ਅਤੇ 21 ਮਸ਼ੀਨਾਂ ਦੀ ਕੀਮਤ ਰੁਪਏ 12,60,000/- ਬਣਦੀ ਹੈ।ਇਕ ਹੋਰ ਮਸ਼ੀਨ ਨਾਰਿਅਲ ਆਦਿ ਦੀ ਪਿਸਾਈ ਵਾਸਤੇ ਜੈਮ ਪੋਰਟਲ ਤੇ ਦੇਖੀ ਗਈ ਹੈ।ਇਸ ਦੀ ਕੀਮਤ ਲਗਭਗ ਰੁਪਏ 20,80,000/- ਹੈ।ਇਸ ਤਰ੍ਹਾਂ 21 ਮਸ਼ੀਨਾਂ ਵਾਸਤੇ ਰੁਪਏ 12,60,000/- ਅਤੇ ਇਕ ਹੋਰ ਮਸ਼ੀਨ ਨਾਰਿਅਲ ਆਦਿ ਵਾਸਤੇ ਰੁਪਏ 20,80,000/- ਦੇ ਵਾਸਤੇ ਕੁਲ 22 ਮਸ਼ੀਨਾਂ ਦੀ ਕੁਲ ਕੀਮਤ ਰੁਪਏ 33,40,000/- ਬਣਦੀ ਹੈ।ਇਹਨਾਂ ਮਸ਼ੀਨਾਂ ਦੀ ਖਰੀਦ ਕਰਨ ਸਮੇਂ ਵਾਧਾ ਵੀ ਹੋ ਸਕਦਾ ਹੈ ਅਤੇ ਇਹ ਵਾਧਾ 10% ਮੰਨਦੇ ਹੋਏ ਇਹਨਾਂ ਮਸ਼ੀਨਾਂ ਦੀ ਕੀਮਤ ਰੁਪਏ 36,74,000/- ਤੱਕ ਹੋ ਸਕਦੀ ਹੈ।ਇਸਦੀ ਖਰੀਦ ਜੈਮ ਪੋਰਟਲ ਰਾਹੀਂ ਜਾਂ ਈ-ਟੈਂਡਿੰਰਗ ਰਾਹੀਂ ਕੀਤੀ ਜਾਣੀ ਹੈ।ਇਸ ਕਰਕੇ ਤਜਵੀਜ ਕੀਤੀ ਜਾਂਦੀ ਹੈ ਕਿ ਸ਼ਰੈਡਿੰਗ ਮਸ਼ੀਨਾ ਖਰੀਦਣ ਵਾਸਤੇ ਰੁਪਏ 36,74,000/- ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ : 03.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.3.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਅਤੇ ਮੇਅਰ ਜੀ ਵਲੋਂ ਇਹ ਵੀ ਲਿਖਿਆ ਹੈ ਕਿ ਇਹਨਾਂ ਦੀ ਮੇਨਟੀਨੈਸ ਨਗਰ ਨਿਗਮ ਕਰੇਗੀ ਜਾਂ ਕੰਪਨੀ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਪਹਿਲਾਂ ਇਸ ਬਾਰੇ ਸਮੂਹ ਕੌਂਸਲਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ । ਜਿਸ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-28**

ਵਿਸ਼ਾ:- ਐਮ ਆਰ ਐਫ ਸੈਂਟਰਾਂ ਵਾਸਤੇ ਪਲਾਸਟਿਕ ਅਤੇ ਪੇਪਰ ਬੇਲਿੰਗ ਮਸ਼ੀਨਾਂ ਖਰੀਦਣ ਬਾਰੇ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 3.3.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਵੱਛ ਭਾਰਤ ਅਧੀਨ ਨਗਰ ਨਿਗਮ ਦੀ ਹੱਦ ਦੇ ਅੰਦਰ ਵੱਖ-ਵੱਖ ਜਗਾ ਤੇ 21 ਐਮ ਆਰ ਐਫ ਸੈਂਟਰ ਬਣਾਏ ਜਾ ਰਹੇ ਹਨ। ਇਨ੍ਹਾਂ ਸੈਂਟਰਾਂ ਦੇ ਡਰਾਈ ਵੇਸਟ ਵਾਸਤੇ ਪਲਾਸਟਿਕ ਅਤੇ ਪੇਪਰ ਬੇਲਿੰਗ ਮਸ਼ੀਨਾਂ ਦੀ ਜਰੂਰਤ ਹੈ।ਅਲੱਗ-ਅਲੱਗ ਕੰਪਨੀਆਂ ਅਤੇ ਜੈਮ ਪੋਰਟਲ ਤੋਂ ਕੁਟੇਸ਼ਨਾਂ ਲਈਆ ਗਈਆ ਹਨ। ਇੱਕ ਮਸ਼ੀਨ ਦੀ ਕੀਮਤ ਲਗਭਗ ਰੁਪਏ 5,00,000/- ਹੈ ਅਤੇ 10 ਮਸ਼ੀਨਾਂ ਦੀ ਕੀਮਤ ਰੁਪਏ 50,00,000/- ਬਣਦੀ ਹੈ।ਇਹਨਾਂ ਮਸ਼ੀਨਾਂ ਦੀ ਖਰੀਦ ਕਰਨ ਸਮੇਂ ਵਾਧਾ ਵੀ ਹੋ ਸਕਦਾ ਹੈ ਅਤੇ ਇਹ ਵਾਧਾ 10% ਮੰਨਦੇ ਹੋਏ ਇਹਨਾਂ ਮਸ਼ੀਨਾਂ ਦੀ ਕੀਮਤ ਰੁਪਏ 55,00,000/- ਤੱਕ ਹੋ ਸਕਦੀ ਹੈ।ਇਸਦੀ ਖਰੀਦ ਜੈਮ ਪੋਰਟਲ ਰਾਹੀਂ ਜਾਂ ਈ-ਟੈਂਡਿੰਰਗ ਰਾਹੀਂ ਕੀਤੀ ਜਾਣੀ ਹੈ।ਇਸ ਕਰਕੇ ਤਜਵੀਜ ਕੀਤੀ ਜਾਂਦੀ ਹੈ ਕਿ 10 ਪਲਾਸਟਿਕ ਅਤੇ ਪੇਪਰ ਬੇਲਿੰਗ ਮਸ਼ੀਨਾ ਖਰੀਦਣ ਵਾਸਤੇ ਰੁਪਏ 55,00,000/- ਦੀ ਮੰਜ਼ੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ : 03.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.3.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਅਤੇ ਮੇਅਰ ਜੀ ਵਲੋਂ ਇਹ ਵੀ ਲਿਖਿਆ ਹੈ ਕਿ ਇਹਨਾਂ ਦੀ ਮੇਨਟੀਨੈਸ ਨਗਰ ਨਿਗਮ ਕਰੇਗੀ ਜਾਂ ਕੰਪਨੀ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਪਹਿਲਾਂ ਇਸ ਬਾਰੇ ਸਮੂਹ ਕੌਂਸਲਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ । ਜਿਸ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-29**

ਵਿਸ਼ਾ:- ਮੇਅਰ ਹਾਊਸ ਵਿਖੇ ਮੇਅਰ ਸਾਹਿਬ, ਕਮਿਸ਼ਨਰ ਸਾਹਿਬ, ਕੁੱਝ ਕੌਂਸਲਰ ਸਾਹਿਬਾਨ ਅਤੇ ਪੰਜਾਬ ਮਜਦੂਰ ਫਡਰੇਸ਼ਨ ਅਤੇ ਉਸ ਦੇ ਨਾਲ ਜੁੜੀਆਂ ਜਥੇਬੰਦੀਆਂ ਦੇ ਨੁਮਾਇੰਦੀਆਂ ਦੀ ਹੋਈ ਮੀਟਿੰਗ ਸਬੰਧੀ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ੳ ਐਂਡ ਐਮ) ਕਿ ਪੰਜਾਬ ਮਜਦੂਰ ਫਡਰੇਸ਼ਨ ਅਤੇ ਉਸ ਦੇ ਨਾਲ ਜੁੜੀਆਂ ਜਥੇਬੰਦੀਆਂ ਦੇ ਨੁਮਾਇੰਦੀਆਂ ਦੀ ਇੱਕ ਮੀਟਿੰਗ ਮਿਤੀ 01.03.2020 ਨੂੰ ਮੇਅਰ ਹਾਊਸ ਵਿਖੇ ਮਾਨਯੋਗ ਮੇਅਰ ਸਾਹਿਬ, ਕਮਿਸ਼ਨਰ ਸਾਹਿਬ ਅਤੇ ਕੁੱਝ ਕੌਂਸਲਰ ਸਾਹਿਬਾਨ ਨਾਲ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ (ਫੈਸਲੇ ਦੀ ਫੋਟੋ ਕਾਪੀ ਨਾਲ ਨੱਥੀ ਹੈ।):-

1 ਨਗਰ ਨਿਗਮ ਦੇ ਸਮੂਹ ਮੁਲਾਜਮਾਂ ਦੀਆਂ ਸਰਵਿਸ ਬੁੱਕਾਂ ਕੰਪਿਊਟਰਾਈਜ ਕੀਤੀਆਂ ਜਾਣਗੀਆਂ।

2 ਨਗਰ ਨਿਗਮ ਦੇ ਸਮੂਹ ਮੁਲਾਜਮ ਆਪਣੀ ਪੋਸਟ ਤੇ ਹੀ ਕੰਮ ਕਰੇਗਾ।

3 ਨਗਰ ਨਿਗਮ ਦੇ ਸਮੂਹ ਮੁਲਾਜਮਾਂ ਬਿਨ੍ਹਾਂ ਮੰਜੂਰੀ ਤੋਂ ਕਿਸੇ ਵੀ ਨਗਰ ਨਿਗਮ ਦੀ ਜਾਇਦਾਦ ਤੇ ਕਾਬਜ ਨਹੀਂ ਰਹੇਗਾ।

4 ਨਗਰ ਨਿਗਮ ਵਿੱਚ BIO-metric ਹਾਜਰੀ, ਅਗਰ ਪੰਜਾਬ ਦੀ ਕਿਸੇ ਵੀ ਲੋਕਲ ਬਾਡੀ ਵਿੱਚ ਹੋਵੇ ਤਾਂ ਇਥੇ ਵੀ ਲਾਗੂ ਹੋਵੇਗੀ।

ਇਸ ਲਈ ਇਹ ਕੇਸ ਨਗਰ ਨਿਗਮ ਹਾਊਸ ਦੀ ਜਾਣਕਾਰੀ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ : 06.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ 6.3.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਯੂਨੀਅਨ ਦੇ ਨਾਲ ਹੋਏ ਫੈਸਲਿਆਂ ਦੀ ਹਾਊਸ ਨੂੰ ਜਾਣਕਾਰੀ ਦਿੱਤੀ ਗਈ ਹੈ ਜਦ ਕਿ ਇਹਨਾਂ ਫੈਸਲਿਆਂ ਤੇ ਕੋਈ ਇੰਮਪਲੀਮੈਂਟੇਸ੍ਹਨ ਨਹੀਂ ਹੋਈ। ਪਹਿਲਾਂ ਅਜਿਹੇ ਫੈਸਲਿਆਂ ਸਬੰਧੀ ਐਕਸ੍ਹਨ ਟੇਕਨ ਰਿਪੋਰਟ ਅਗਲੀ ਮੀਟਿੰਗ ਵਿਚ ਲੈਣੀ ਚਾਹੀਦੀ ਹੈ, ਜਿਸ ਤੇ ਸਮੂਹ ਹਾਊਸ ਨੇ ਹਾਮੀ ਭਰੀ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-30**

ਵਿਸ਼ਾ:- ਨਗਰ ਨਿਗਮ ਜਲੰਧਰ ਵਿਖੇ ਰੱਖੇ ਜਾ ਰਹੇ 160 ਸੀਵਰਮੈਨਾਂ ਦੀ ਰੈਗੁਲਰ ਭਰਤੀ ਜਾਂ ਡੀ.ਸੀ ਰੇਟ ਤੇ ਨਿਯੁਕਤੀ ਕਰਨ ਬਾਰੇ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਕਿ ਨਗਰ ਨਿਗਮ ਹਾਊਸ ਵਲੋਂ 160 ਸੀਵਰਮੈਨ ਸਟਾਫ (ਆਉਟ ਸੋਰਸ ਰਾਹੀਂ) ਤਿੰਨ ਮਹੀਨੇ ਲਈ ਮਤਾ ਨੰਬਰ 178 ਮਿਤੀ 18.10.2018 ਪ੍ਰਵਾਨ ਕੀਤਾ ਗਿਆ। ਪ੍ਰਵਾਨਗੀ ਉਪਰੰਤ ਆਊਟ ਸੋਰਸ ਅਜੰਸੀ ਰਾਹੀਂ ਮਿਤੀ 04.02.2020 ਰਾਹੀਂ ਰਖੇ ਗਏ।

ਪੰਜਾਬ ਮਜਦੂਰ ਫਡਰੇਸ਼ਨ ਅਤੇ ਉਸ ਦੇ ਨਾਲ ਜੁੜੀਆਂ ਜਥੇਬੰਦੀਆਂ ਦੇ ਨੁਮਾਇੰਦੀਆਂ ਦੀ ਇੱਕ ਮੀਟਿੰਗ ਮਿਤੀ 01.03.2020 ਨੂੰ ਮੇਅਰ ਹਾਊਸ ਵਿਖੇ ਮਾਨਯੋਗ ਮੇਅਰ ਸਾਹਿਬ, ਕਮਿਸ਼ਨਰ ਸਾਹਿਬ ਅਤੇ ਕੁੱਝ ਕੌਂਸਲਰ ਸਾਹਿਬਾਨ ਨਾਲ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 30 ਅਧੀਨ ਰੱਖੇ ਗਏ 160 ਸੀਵਰਮੈਨ ਦਾ ਚਾਲੂ ਠੇਕਾ 80 ਦਿਨਾਂ ਬਾਅਦ ਰੀਨਿਊ ਨਹੀਂ ਕੀਤਾ ਜਾਵੇਗਾ। 160 ਸੀਵਰਮੈਨਾਂ ਦੀ ਪੱਕੀ/ ਡੀ.ਸੀ. ਰੇਟਾਂ ਤੇ ਭਰਤੀ ਲਈ ਮਾਨਯੋਗ ਹਾਊਸ ਦੀ ਮੀਟਿੰਗ ਮਿਤੀ 04.03.2020 (ਬੁੱਧਵਾਰ) ਕੀਤੀ ਜਾਵੇਗੀ ਅਤੇ ਨਗਰ ਨਿਗਮ ਹਾਊਸ ਵਿੱਚ ਇਸ ਸਬੰਧੀ ਮਤਾ ਲਿਆਉਂਦਾ ਜਾਵੇਗਾ। ਸਥਾਨਕ ਸਰਕਾਰ ਦੀ ਮੰਜੂਰੀ ਆਉਣ ਤੇ ਡੀ.ਸੀ ਰੇਟ ਜਾਂ ਪੱਕੇ ਤੌਰ ਤੇ ਭਰਤੀ ਕੀਤੀ ਜਾਵੇਗੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਇਹ ਸੀਵਰਮੈਨ ਪੱਕੇ ਤੌਰ ਤੇ ਭਰਤੀ ਕਰਨ ਨਾਲ ਪਹਿਲੇ ਤਿੰਨ ਸਾਲ ਲਈ ਤਕਰੀਬਨ ਰੁਪਏ 7.00 ਕਰੌੜ ਦੀ Financial Liability ਨਗਰ ਨਿਗਮ ਤੇ ਪਵੇਗੀ।

ਇਸ ਲਈ ਇਹ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ : 06.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-31**

ਵਿਸ਼ਾ: 10 ਸੀਵਰਮੈਨ ਮਿਤੀ 01/04/2020 ਤੋ ਲੈ ਕਿ 31/03/2021 ਤੱਕ ਡੀ.ਸੀ ਰੇਟ ਤੇ ਰੱਖਣ ਸਬੰਧੀ ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਕਿ ਨਗਰ ਨਿਗਮ ਜਲੰਧਰ ਵਲੋ ਮਾਨਯੋਗ ਹਾਊਸ ਦੇ ਮੱਤਾ ਨੰ:86 ਮਿਤੀ 05-12-2016 ਰਾਹੀ 180 ਸੀਵਰਮੈਨਾ ਨੂੰ ਪੱਕਾ ਕਰਨ ਦੀ ਪ੍ਰਵਾਨਗੀ ਦਿੱਤੀ ਸੀ।ਜਿਸਨੂੰ ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-17/31102 ਮਿਤੀ 06-06-2017 ਰਾਹੀ ਮਤਾ ਨੰ: 86 ਨੂੰ ਸਥਾਨਕ ਸਰਕਾਰ ਦੇ ਪੱਤਰ ਨੰ:ਸ1-ਜਬ-ਡਸਸ -2016/65006-021 ਮਿਤੀ 30-12-2016 ਰਾਹੀ ਕੱਚੇ ਸੀਵਰਮੈਨਾ ਨੂੰ ਰੈਗੂਲਰ ਕਰਨ ਸਬੰਧੀ ਜਾਰੀ ਹਦਾਇਤਾ ਅਨੁਸਾਰ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ ਸੀ।ਜਿਹਨਾ ਵਿੱਚੋ 10 ਕੱਚੇ ਸੀਵਰਮੈਨਾ ਨੂੰ ਕੁਝ ਕਾਰਣਾ ਕਰਕੇ ਅਜੇ ਤੱਕ ਰੈਗੂਲਰ ਨਹੀ ਕੀਤਾ ਗਿਆ ਹੈ।

ਸੀਵਰ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ 10 ਸੀਵਰਮੈਨ ਮਿਤੀ 01/04/2020 ਤੋ ਲੈ ਕਿ 31/03/2021 ਤੱਕ ਡੀ.ਸੀ ਰੇਟ ਤੇ ਰੱਖਣ ਲਈ ਅਨੁਮਾਨਤ ਤਖਮੀਨਾਂ ਰੁਪਏ 13,41,720/-ਤਿਆਰ ਕੀਤਾ ਗਿਆ ਹੈ ਜਿਸ ਦੀ ਹਾਊਸ ਪਾਸੋਂ ਪ੍ਰਵਾਨਗੀ ਲੋੜੀਂਦੀ ਹੈ ।ਕਮਿਸ਼ਨਰ ਜੀ ਨੇ ਮਿਤੀ 6.3.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਇਸ ਮੱਦ ਨੂੰ ਮੇਅਰ ਜੀ ਵਲੋਂ ਮਿਤੀ 24.9.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰ ਦਿਤਾ ਗਿਆ ਸੀ ਅਤੇ ਹਾਊਸ ਵਲੋਂ ਇਸ ਦੀ ਅੰਤਿਮ ਪ੍ਰਵਾਨਗੀ ਦਿੱਤੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-32**

ਵਿਸ਼ਾ:- ਨਗਰ ਨਿਗਮ ਦੀ ਹੱਦ ਅੰਦਰ ਨਵੇਂ ਸਟਰੀਟ ਵੈਂਡਰ ਜ਼ੋਨ ਬਣਾਉਣ ਸਬੰਧੀ ।

ਪੜ੍ਹਿਆ ਨੋਟ ਸੁਪਰਡੰਟ ਤਹਿਬਜਾਰੀ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 6.3.2020 ਰਾਹੀਂ ਕੀਤੀ ਹੈ ਕਿ ਨਗਰ ਨਿਗਮ ਦੀ ਹੱਦ ਅੰਦਰ 34 ਜ਼ੋਨ ਸਰਕਾਰ ਵਲੋਂ ਪਾਸ ਕਰਕੇ ਨੋਟੀਫਾਈ ਕਰ ਦਿੱਤੇ ਹਨ। ਹੁਣ ਇਹਨਾਂ ਤੋਂ ਇਲਾਵਾ ਤਿੰਨ ਨਵੇਂ ਸਟਰੀਟ ਵੈਂਡਰ ਜ਼ੋਨ ਸਟਰੀਟ ਵੈਡਿੰਗ ਕਮੇਟੀ ਵਲੋਂ ਪਾਸ ਕਰ ਦਿੱਤੇ ਗਏ ਹਨ, ਜ਼ੋ ਕਿ ਇਸ ਤਰ੍ਹਾਂ ਹਨ:-

1. 120 ਫੁੱਟੀ ਰੋਡ, ਭਈਆ ਮੰਡੀ ਦੇ ਨਾਲ।
2. ਜ਼ਸਵੰਤ ਮੋਟਰ ਦੇ ਸਾਹਮਣੇ
3. ਕਪੂਰਥਲਾ ਰੋਡ ਨਹਿਰ ਦੇ ਪੁਲ ਦੇ ਨਾਲ

ਹੁਣ ਇਹ ਜ਼ੋਨ ਬਣਾਉਣ ਲਈ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 6.3.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਰਾਹੀਂ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-33

ਵਿਸ਼ਾ:- Design and Implementation of Cloud Based Water & Sewerage Software Application System ਦੇ ਕੰਮ ਦੀ ਅਦਾਇਗੀ ਕਰਨ ਬਾਰੇ।

ਪੜ੍ਹਿਆ ਨੋਟ ਸਿਸਟਮ ਮੈਨੇਜਰਰ ਮਿਤੀ 6.3.2020 ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬਿਲਿੰਗ) ਨੇ ਕੀਤੀ ਹੈ ਕਿ ਵਿਸ਼ੇ ਅਧੀਨ ਨਗਰ ਨਿਗਮ ਜਲੰਧਰ ਵੱਲੋ Cloud Based Water & Sewerage Software Application System ਨੂੰ ਲਾਗੂ ਕਰਨ ਸਬੰਧੀ ਨਗਰ ਨਿਗਮ ਦੀ ਹਾਊਸ ਦੇ ਮਤਾ ਨੰ:116 ਮਿਤੀ 05.12.2016 ਵੱਲੋ ਕੁੱਲ ਰਕਮ 6,21,400/- ਰੁਪਏ ਦੀ ਮੰਜ਼ੂਰੀ ਦਿੱਤੀ ਗਈ।ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ-17/36774 ਮਿਤੀ: 22.06.2017 ਰਾਹੀਂ ਦਿੱਤੀ ਗਈ । ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 322 ਮਿਤੀ: 23.12.2016 ਰਾਹੀਂ ਪ੍ਰਵਾਨ ਕੀਤਾ ਗਿਆ ਸੀ ।ਨਗਰ ਨਿਗਮ ਵੱਲੋ ਘੱਟ ਰੇਟ ਦੇਣ ਵਾਲੀ ਕੰਪਨੀ ਨੂੰ ਆਪਣੇ ਪੱਤਰ ਨੰ: **21/sm/comp** ਮਿਤੀ: 29.6.2017 ਰਾਹੀਂ M/s Icon Software Technologies, Ludhiana ਅਜੰਸੀ ਨੂੰ ਇੱਕ ਸਾਲ ਕੰਮ ਕਰਨ ਦਾ ਵਰਕ ਆਡਰ ਦਿੱਤਾ ਗਿਆ।ਕੰਪਨੀ ਵੱਲੋ ਇਹ ਕੰਮ ਬੜੀ ਤਸੱਲੀਬਖਸ਼ ਤਰੀਕੇ ਨਾਲ ਕੀਤਾ ਗਿਆ।ਇਸ ਕੰਮ ਦੀ ਅਦਾਇਗੀ ਕੁਆਟਰਲੀ ਬੇਸੀਸ **ਰੁਪਏ: 104499/- ਪ੍ਰਤੀ ਕੁਆਟਰ** ਤੇ ਕਰਨੀ ਪ੍ਰਵਾਨਤ ਹੋਈ ਹੈ।ਕੰਪਨੀ ਨੂੰ ਇਕਰਾਰਨਾਮੇ ਅਨੁਸਾਰ ਮਿਤੀ: 03.08.2018 ਤੱਕ ਨਗਰ ਨਿਗਮ ਜਲੰਧਰ ਵੱਲੋ ਅਦਾਇਗੀ ਕਰ ਦਿੱਤੀ ਗਈ ਹੈ।

ਇਥੇ ਇਹ ਦਸੱਣਯੋਗ ਹੈ ਕਿ ਉਕਤ ਕੰਮ ਦੀ ਲਗਾਤਾਰਤਾ ਵਿੱਚ ਸੁਪਰਡੰਟ ਵਾਟਰ ਰੇਟ ਸ਼ਾਖਾ ਦੇ ਨੋਟ ਮਿਤੀ: 20.11.2018 ਅਨੁਸਾਰ ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਨਵਾਂ ਤਖਮੀਨਾ ਤਿਆਰ ਕੀਤਾ ਗਿਆ। ਇਸ ਨਵੇ ਤਖਮੀਨੇ ਵਿੱਚ ਇੱਕ ਐਮ.ਆਈ.ਐਸ ਅਤੇ ਇੱਕ ਕੰਮਪਿਊਟਰ ਅਸੀਸਟੈਂਟ ਰੱਖਣ ਦਾ ਉਪਬੰਧ ਕਰਨ ਲਈ ਲਿਖਿਆ ਗਿਆ ਹੈ ਤਾਂ ਜ਼ੋ ਵਿਭਾਗ ਦਾ ਕੰਮ ਬੇਹਤਰ ਢੰਗ ਨਾਲ ਚਲਾਇਆ ਜਾ ਸਕੇ ਜੀ।ਇਸ ਸਬੰਧ ਵਿੱਚ ਨਗਰ ਨਿਗਮ ਹਾਊਸ ਵੱਲੋ ਆਪਣੇ **ਮਤਾ ਨੰ: 7 ਮਿਤੀ: 29.11.2019** ਰਾਹੀਂ ਪ੍ਰਵਾਨ ਕੀਤਾ ਗਿਆ। ਜਿਸ ਤੇ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ-2020/9305 ਮਿਤੀ: 18.02.2020 ਰਾਹੀਂ ਫੈਸਲਾ ਦਿੱਤਾ ਗਿਆ ਹੈ ਕਿ " ਪੰਜਾਬ ਸਰਕਾਰ ਪ੍ਰਸੋਨਲ ਵਿਭਾਗ(ਪੀ.ਪੀ.3 ਸ਼ਾਖਾ) ਦੇ ਨੰ: 12/57/2017-4 ਪੀ.ਪੀ.3/121 ਮਿਤੀ: 29.03.2019 ਰਾਹੀਂ ਜਾਰੀ ਕੀਤੀ ਹਦਾਇਤਾ ਦੀ ਰੋਸ਼ਨੀ ਵਿੱਚ ਪ੍ਰਵਾਨਤ ਆਸਾਮੀਆਂ ਵਿਰੁਧ ਲੋੜੀਂਦਾ ਸਟਾਫ ਆਊਟਸੋਰਸ ਬੇਸਿਜ਼ ਤੇ ਲੈਣ ਲਈ ਪੋਰਪਰ ਪਾਰਦਰਸੀ ਤਰੀਕਾ ਅਪਣਾਉਦੇ ਹੋਏ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।" ਦੀ ਮੰਜ਼ੂਰੀ ਦਿੱਤੀ ਗਈ।

ਵਾਟਰ ਰੇਟ ਸ਼ਾਖਾ ਦੀ ਬਿਲਿੰਗ ਦਾ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ। ਨਗਰ ਨਿਗਮ ਜਲੰਧਰ ਵੱਲੋ ਪਿਛਲੇ ਤਖਮੀਨੇ ਦੀ ਲਗਾਤਾਰਤਾਂ ਵਿੱਚ ਉਸੇ ਕੰਪਨੀ ਤੋਂ ਵਿਸ਼ੇ ਅਧੀਨ ਕੰਮ ਕਰਵਾਈਆਂ ਗਿਆ।ਕਿਉਜੋ ਸਥਾਨਕ ਸਰਕਾਰ ਵਿਭਾਗ ਪੰਜਾਬ ਦੇ PMIDC ਵਿਭਾਗ ਵੱਲੋ **"ਐਮ ਸੇਵਾ"** ਐਪਲੀਕੇਸ਼ਨ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਉਕਤ ਸਰਵਿਸ ਮਿਤੀ: 22.08.2018 ਤੋ ਕੰਮ ਚੱਲ ਰਿਹਾ ਹੈ ਅਤੇ ਉਕਤ ਕੰਪਨੀ ਵੱਲੋ ਵਾਟਰ ਰੇਟ ਸ਼ਾਖਾ ਦਾ ਡਾਟਾ ਡੰਪ ਪੀ.ਐਮ.ਆਈ.ਡੀ.ਸੀ ਨੂੰ ਦਿੱਤਾ ਜਾ ਰਿਹਾ ਹੈ।।ਪੀ.ਐਮ.ਆਈ.ਡੀ.ਸੀ ਦੇ ਆਈ.ਟੀ ਮੈਨੇਜਰ (ਈ-ਸੇਵਾ) ਵੱਲੋ ਨਿਮਨ ਹਸਤਾਖਰ ਨੂੰ ਟੈਲੀਫੋਨ ਰਾਹੀਂ ਕਿਹਾ ਗਿਆ ਸੀ ਕਿ ਜਦੋ ਤੱਕ **"ਐਮ ਸੇਵਾ"** ਐਪਲੀਕੇਸ਼ਨ ਵਿੱਚ ਵਾਟਰ ਰੇਟ ਸ਼ਾਖਾ ਦੀ ਬਿਲਿੰਗ ਸ਼ੁਰੂ ਨਹੀਂ ਹੁੰਦੀ ਉਦੋ ਤੱਕ ਉਕਤ ਸਰਵਿਸ ਨੂੰ ਲਗਾਤਾਰ ਜਾਰੀ ਰੱਖਿਆ ਜਾਵੇ ਤਾਂ ਜੋ ਨਗਰ ਨਿਗਮ ਜਲੰਧਰ ਦੀ ਵਾਟਰ ਰੇਟ ਰਿਕਵਰੀ ਵਿੱਚ ਕੋਈ ਰੁਕਾਵਟ ਨਾ ਆਵੇ।

ਕੰਪਨੀ ਵੱਲੋ ਉਕਤ ਕੰਮ ਸਬੰਧੀ ਆਪਣਾ ਬਿੱਲ ਦਿੱਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

| **S.No.** | **Description of work & Cost as per tender** | **Period** | M/s Icon Software Technologies, Ludhiana |
|---|---|---|---|
| | | | Figure (in Rupees) |
| 1 | Cloud Server, SMS Gateway, Customization, Maintenance & Updations, Backup & Security | 04.08.2018 to 3.02.2020 (6 Quarter) | 626994 |

ਕੰਪਨੀ ਵੱਲੋ ਕੁਆਟਰਲੀ ਅਦਾਇਗੀ ਅਨੁਸਾਰ ਛੇ ਕੁਆਟਰ ਦਾ ਮਿਤੀ: 04.08.2018 ਤੋਂ 03.02.2020 ਦਾ ਬਿੱਲ ਨੰ: IST/ 54/19-20 ਮਿਤੀ 3.03.2020 ਰੁਪੈ: 626994/- ਨਗਰ ਨਿਗਮ ਜਲੰਧਰ ਨੂੰ ਦਿੱਤਾ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਪਨੀ M/s. Icon Software Technologies ਵੱਲੋ ਕੀਤੇ ਹੋਏ ਕੰਮ ਦੀ ਅਦਾਇਗੀ ਰੁਪਏ: 626994/- ਸਰਕਾਰੀ ਹਦਾਇਤਾਂ ਅਨੁਸਾਰ ਟੈਕਸ ਕਟੋਤੀ ਕਰਨ ਉਪਰਾਂਤ ਅਤੇ ਜਦੋ ਤੱਕ ਪੰਜਾਬ ਸਰਕਾਰ ਦੀ ਵਾਟਰ ਰੇਟ ਬਿਲਿੰਗ ਦੀ **"ਐਮ ਸੇਵਾ"** ਐਪਲੀਕੇਸ਼ਨ ਸ਼ੁਰੂ ਨਹੀਂ ਹੁੰਦੀ ਉਦੋ ਤੱਕ ਉਕਤ ਕੰਪਨੀ ਨੂੰ ਵਿੱਤ ਅਤੇ ਠੇਕਾ ਕਮੇਟੀ ਵੱਲੋ ਪਾਸ ਕੀਤੇ ਪਿਛਲੇ ਤਖਮੀਨੇ ਦੀ ਲਗਾਤਾਰਤਾਂ ਵਿੱਚ ਕੰਮ ਕਰਨ ਲਈ ਇਸ ਕੇਸ ਨੂੰ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 6.3.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਰਾਹੀਂ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
17.11.2020

ਮਤਾ ਨੰ:-34

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਕਾਰਜਕਾਰੀ ਇੰਜੀਨੀਅਰ 1, 2, 3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ / ਕਲੋਨੀਆਂ ਦੀਆਂ ਸੜਕਾਂ, ਗਲੀਆਂ, ਪਾਰਕਾਂ ਆਦਿ ਦੇ ਮੌਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋਂ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ:-

| Sr. No. | Ward No. | Name of work | Estimated Amount (in Lacs) |
|---|---|---|---|
| 1 | Gen | Supply of Static shredder machine for MCJ. | 5.55 |
| 2 | Gen | Renovation of Park in Old Jawahar Nagar of Ramesh Colony. | 9.65 |
| 3 | Gen | Repair & Renovation of Harbans Lal Park near Madan flour Mill Chowk. | 4.62 |
| 4 | 29 | Construction of Community Hall in Ward No. 29 | 10.53 |
| 5 | Gen | Renovation of Zonal office No. 7 at Basti Sheikh. | 9.50 |
| 6 | 28 | Maintaince of road, streets and parks. | 20.00 |
| 7 | 59 | Const. of CC flooring in streets in Santhokpura. | 14.45 |
| 8 | 64 | P/L SDBC on road of Dada colony. | 4.15 |
| 9 | 79 | Development of parks at Shanti vihar. | 20.92 |
| 10 | 11 | P/F Interlocking tiles in the balance of Golden colony. | 20.92 |
| 11 | Gen | Const. of Shed for parking of cars at Administrative Complex Building Nehru Garden, Jalandhar. | 2.15 |

ਫੈਸਲਾ:

ਪ੍ਰਵਾਨ ਹੈ। ਇਸ ਮੱਦ ਦੀ ਲੜੀ ਨੰ: 9 ਦੇ ਤਖਮੀਨੇ ਨੂੰ ਨਵੇਂ ਸੀ.ਐਸ.ਆਰ. ਦੇ ਰੇਟਾਂ ਨਾਲ ਸੋਧਿਆ ਤਖਮੀਨਾ 27.28 ਲੱਖ ਪੜ੍ਹਿਆ ਜਾਵੇ। ਇਸ ਮੱਦ ਦੀ ਲੜੀ ਨੰ: 10 ਨੂੰ ਮੇਅਰ ਜੀ ਵਲੋਂ ਮਿਤੀ 2.2.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰ ਦਿਤਾ ਗਿਆ ਸੀ ਅਤੇ ਹਾਊਸ ਵਲੋਂ ਇਸ ਦੀ ਅੰਤਿਮ ਪ੍ਰਵਾਨਗੀ ਦਿੱਤੀ ਗਈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-35

ਵਿਸ਼ਾ:- ਬੀ.ਐਂਡ ਆਰ ਦੇ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਕਾਰਜਕਾਰੀ ਇੰਜੀਨੀਅਰ 1,2,3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ /ਕਲੋਨੀਆਂ ਪਾਰਕਾਂ ਦੇ ਮੋਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ।ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਵੱਖ ਵੱਖ ਮੰਜੂਰੀ ਦਿੱਤੀ ਹੈ।ਇਹ ਤਖਮੀਨੇ ਅੰਤਿਮ ਪ੍ਰਵਾਨਗੀ ਹਿੱਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿਚ ਪੇਸ਼ ਹਨ:-

| S.No. | Ward No. | Name of Work | Estimate (Rs. In lacs) |
|---|---|---|---|
| 1 | Gen | Const. of Shed for stray animals in Police Line area Jalandhar (Swachh Bharat Grant) | 11.00 |
| 2 | Gen | Const. of MRF, PIT, SHED in Police area Jalandhar (Swachh Bharat Grant) | 38.98 |
| 3 | Gen | P/F 60 mm thick Interlocking tiles on MC land near Maqsudan Chowk for street vending. | 12.98 |
| 4 | Gen. | Const. of Boundary wall and flooring under flyover Bus Stand near Railway Crossing. (Swachh Bharat Grant) | 5.39 |
| 5 | Gen. | Const. of Composting Centre at Urban Estate Ph-II Disposal. (Swachh Bharat Grant) | 39.20 |
| 6 | Gen. | Const. of Shed at Khurla Kingra Village. (Swachh Bharat Grant) | 11.76 |
| 7 | Gen. | Const. of centre for composting including MRF and compost pits near Jagjivan Ram chowk. (Swachh Bharat Grant) | 43.95 |
| 8 | Gen. | Const. of Hall at Garha road backside King Hotel near Dada motors. (Swachh Bharat Grant) | 10.67 |
| 9 | Gen. | Const. of Composting Centre in Mithapur Colony. (Swachh Bharat Grant) | 47.00 |
| 10 | Gen. | Const. of Composting Centre at Basti Peer Daad STP. (Swachh Bharat Grant) | 50.00 |
| 11 | 56 | Const. of Shed and MRF under Domoria Pul. (Swachh Bharat Grant) | 23.68 |
| 12 | 11 | P/F of interlocking tiles in the balance streets of village Paragpur | 27.23 |
| 13 | 11 | P/F of interlocking tiles on revenue road in village Barring | 16.74 |
| 14 | Gen | Renovation of trench on Salempur Musalmana road | 33.98 |

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-36**

ਵਿਸ਼ਾ:- ਸਟਰੀਟ ਲਾਈਟ ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਜਿਹਨਾਂ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਸਟਰੀਟ ਲਾਈਟ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੌਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਵੱਖ ਵੱਖ ਮੰਜੂਰੀ ਦਿੱਤੀ ਹੈ।ਇਹ ਤਖਮੀਨੇ ਅੰਤਿਮ ਪ੍ਰਵਾਨਗੀ ਹਿੱਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿਚ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ | ਤਖਮੀਨਾਂ (ਲੱਖਾਂ ਵਿੱਚ) |
|---|---|---|---|
| 1 | 19 | ਵਾਰਡ ਨੰ: 19 ਵਿੱਚ ਪੈਂਦੀਆਂ ਪਾਰਕਾਂ ਵਿੱਚ 100 ਵਾਟ ਦੀਆਂ ਐਲ.ਈ.ਡੀ. ਲਾਇਟਾਂ ਲਗਾਉਣ ਬਾਰੇ। | 1,96,500/- |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
17.11.2020

ਮਤਾ ਨੰ:-37

ਵਿਸ਼ਾ:- ਵਾਟਰ ਸਪਲਾਈ, ਸੀਵਰੇਜ਼ ਸ਼ਾਖਾ ਦੇ ਵੱਖ-ਵੱਖ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਓ.ਐਂਡ.ਐਮ/ ਵਾਟਰ ਸਪਲਾਈ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਟਿਊਬਵੈਲਾਂ, ਵਾਟਰ ਸਪਲਾਈ ਸੀਵਰੇਜ਼, ਅਤੇ ਬਰਸਾਤੀ ਸੀਵਰ ਆਦਿ ਦੇ ਕੰਮਾਂ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਅਤੇ ਵਿਭਾਗੀ ਮੰਗਾਂ ਨੂੰ ਮੁੱਖ ਰਖਦੇ ਹੋਏ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਅਤੇ ਰੱਖ ਰਖਾਵ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ, ਤਖਮੀਨੇ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹਨ: -

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ/ਜਗਾ ਦਾ ਸਪਸ਼ਟ ਵੇਰਵਾ | ਤਖਮੀਨਾ ਰੁਪਏ |
|---|---|---|---|
| 1 | 6 | ਰਿਪੇਅਰ ਐਂਡ ਕੰਸਟ੍ਰਕਸ਼ਨ ਆਫ ਡੈਮੇਜ਼ ਮੇਨ ਹੋਲ ਇਨ ਵਿਲੇਜ਼ ਸੁੱਚੀ ਪਿੰਡ ਨਿਅਰ ਵਿਲੇਜ਼ ਢੱਡਿਆ। | 1,14,200/- |
| 2 | Gen | ਬਲਟਰਨ ਪਾਰਕ ਦੇ ਸਾਹਮਣੇ ਅਤੇ ਡੀ.ਏ.ਵੀ ਫਲਾਈ ਓਵਰ ਦੇ ਨੀਚੇ ਨਵੇਂ ਬਣਾਏ ਗਏ ਪਬਲਿਕ ਟਾਇਲਟ ਲਈ ਨਵੀਂ ਸੀਵਰ ਲਾਈਨ ਪਾਉਣ ਬਾਰੇ। | 1,64,655/- |
| 3 | Gen | Providing Rising Main to Connect Industrial area with existing rising main near Bhagat Singh Colony Disposal at Jalandhar. | 5,74,000/- |
| 4 | Gen | Providing and Laying of 3" dia GI pipe at STP Basti Peer Dad to carry centrifuge water to MPS. | 2,08,105/- |
| 5 | 48 | Replacement of GI Pipe at Dhobi Ghat near TV Centre Ward no. 48 | 1,28,516/- |
| 6 | Gen | Estimate for Operation & Maintenance of 25MLD STP (New) SBR Technology at Pholriwal for five years | 3,91,46,886/- |
| 7 | 70 | Construction of New collecting tank at Ram Nagar Disposal near Gazi Gulla, Railway fatak. Zone No. 2 Dada colony. | 14,78,750/- |

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-38**
ਵਿਸ਼ਾ:- ਓ.ਐਂਡ ਐਮ. ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਓ.ਐਂਡ ਐਮ. ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ | ਤਖਮੀਨਾਂ ਰੁ. |
|---|---|---|---|
| 1 | 6 | ਗੁਲਮੋਹਰ ਸਿਟੀ ਵਿਖੇ 8" ਸੀਵਰ ਦੀ ਲਾਈਨ ਪਾਉਣ ਸਬੰਧੀ। | 2,12,294/- |
| 2 | 6 | ਹਰਦੀਪ ਨਗਰ ਵਿਖੇ ਸੀਵਰ ਦੀ ਲਾਈਨ ਪਾਉਣ ਬਾਰੇ। | 3,46,950/- |
| 3 | 16 | ਪ੍ਰੋਵਾਈਡਿੰਗ ਐਂਡ ਲੇਇੰਗ ਆਫ 8" ਡਾਇਆ ਸੀਵਰ ਲਾਈਨ ਨਿਅਰ ਦੁਰਗਾ ਭਵਨ ਐਂਡ ਸਟਰੀਟ ਨੰ: 7 ਐਟ ਗੁਰੂ ਨਾਨਕ ਪੁਰਾ ਵੈਸਟ । ਜ਼ੋਨ ਨੰ: 5 | 3,14,512/- |
| 4 | 18 | ਪ੍ਰੋਵਾਈਡਿੰਗ ਐਂਡ ਲੇਇੰਗ ਆਫ 8" ਡਾਇਆ ਸੀਵਰ ਲਾਈਨ ਇੰਨ ਮੁਹੱਲਾ ਰਿਸ਼ੀ ਨਗਰ ਰਾਜੂ ਵਾਲੀ ਗਲੀ, ਜ਼ੋਨ ਨੰ: 5 | 1,65,629/- |
| 5 | 39 | ਇੰਨਸਟਾਲੇਸ਼ਨ ਆਫ 8" ਡਾਇਆ ਸੀਵਰ ਲਾਈਨ ਐਟ ਪਿਸ਼ੋਰੀਆਂ ਮੁਹੱਲਾ ਗਲੀ ਨੰ: 11 ਨਿਊ ਮਾਡਲ ਹਾਊਸ। ਜ਼ੋਨ ਨੰ: 4 ਬਸਤੀ ਸ਼ੇਖ। | 7,93,787/- |
| 6 | 64 | ਜ਼ੋਨ ਨੰ: 2 ਅਧੀਨ ਪੈਂਦੇ ਡਿਸਪੋਜਲ ਇੰਡਸਟਰੀਅਲ ਏਰੀਆ ਲਈ 250 ਕੇ.ਵੀ.ਏ. ਦਾ ਜਨਰੇਟਰ ਖਰੀਦ ਕਰਨ ਬਾਰੇ। | 17,25,000/- |
| 7 | 64 | ਜ਼ੋਨ ਨੰ: 2 ਅਧੀਨ ਪੈਂਦੇ ਡਿਸਪੋਜਲ ਭਗਤ ਸਿੰਘ ਕਲੋਨੀ ਅਤੇ ਸਬਜੀ ਮੰਡੀ ਡਿਸਪੋਜਲ ਲਈ ਦੋ ਜਨਰੇਟਰ ਸੈਟ (62.5 ਕੇ.ਵੀ.ਏ.) ਦੀ ਖਰੀਦ ਕਰਨ ਬਾਰੇ। | 11,30,000/- |
| 8 | ਜ਼ | Construction of Manholes at different places of Industrial Estate Zone No. 7 | 1,18,762/- |
| 9 | ਜ਼ | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਯੂ.ਪੀ.ਵੀ.ਸੀ. ਪਾਇਪ ਗੁਰੂ ਅਮਰ ਦਾਸ ਨਗਰ ਡਿਸਪੋਜਲ। | 2,00,610/- |
| 10 | ਜ਼ | ਪ੍ਰਚੇਜ਼ ਆਫ ਚੈਨ ਪੁਲੀ (3 ਟੱਨ ਕਪੈਸਟੀ) ਫਾਰ ਰਿਪੇਅਰ ਐਂਡ ਮੈਨਟੀਨੈਂਸ ਆਫ ਟਿਊਬਵੈੱਲਜ਼ ਐਂਡ ਡਿਸਪੋਜ਼ਲਜ਼ ਫਾਲਿੰਗ ਅੰਡਰ ਜ਼ੋਨ ਨੰਬਰ 7 ਇੰਡਸਟਰੀਅਲ ਅਸਟੇਟ। | 28,497/- |
| 11 | ਜ਼ | Supply of electrical Material and Repair of electrical equipment wall fan, Celling Fan, Frata Fan, Invertor Repair and Blower Repair in Dr. B.R. Ambedkar Complex Company Bagh M.C.J. (annual) | 3,00,000/- |
| 12 | ਜ਼ | ਐਨੂਅਲ ਐਸਟੀਮੇਟ ਫਾਰ ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 49 ਨੰਬਰ ਟਿਊਬਵੈੱਲਜ਼ ਆਫ ਜ਼ੋਨ ਨੰ: 7 ਇੰਡਸਟ੍ਰੀਅਲ ਅਸਟੇਟ। | 32,67,986/- |
| 13 | ਜ਼ | Providing Rising Main to Connect Industrial area with existing rising main near Bhagat Singh Colony Disposal at Jalandhar. (ਸੀਵਰੇਜ਼ ਬੋਰਡ ਨੂੰ ਫੰਡਜ ਭੇਜਣ ਸਬੰਧੀ) | 5,74,000/- |
| 14 | 34 | ਪ੍ਰੋਵਾਈਡਿੰਗ ਐਂਡ ਇੰਨਸਟਾਲੇਸ਼ਨ ਆਫ ਡੀਪ ਬੋਰ ਟਿਊਬਵੈਲ ਵਿਦ ਰਿਵਰਸ ਰੋਟਰੀ ਰਿਗ ਐਟ ਭਾਰਗੋ ਕੈਂਪ ਨੀਅਰ ਟਾਹਲੀ ਵਾਲਾ ਚੌਂਕ। ਜ਼ੋਨ ਨੰ: 4 | 17,66,755/- |
| 15 | 43 | ਗੁਰੂ ਸੰਤ ਨਗਰ ਚਿੰਤਪੁਰਨੀ ਮੰਦਿਰ ਵਾਲੀ ਗਲੀ ਵਿਖੇ ਨਵਾਂ ਟਿਊਬਵੈਲ ਲਗਾਉਣ ਬਾਰੇ। | 12,31,599/- |

| | | | |
|---|---|---|---|
| 16 | 58 | ਰਿਪੇਅਰ ਆਫ ਸੀਵਰ ਮੇਨਹੋਲ ਇਨ ਉਪਕਾਰ ਨਗਰ, ਮੁਸਲਿਮ ਕਲੋਨੀ ਐਂਡ ਸੂਰਿਆ ਇਨਕਲੇਵ ਫਾਲਿੰਗ ਇਨ ਜ਼ੋਨ ਨੰ: 7 | 95,200/- |
| 17 | ਜ਼ | ਐਸਟੀਮੇਟ ਫਾਰ ਰਿਪਲੇਸਮੈਂਟ ਆਫ ਟਰਾਂਸਫਰ ਕੇਸ (ਪੀ.ਟੀ.ਓ.) ਫਾਰ ਟਰੱਕ ਮਾਊਂਟੇਡ ਸੀਵਰ ਜੈਟਿੰਗ ਮਸ਼ੀਨ। | 2,24,000/- |
| 18 | ਜ਼ | Annual maintenance Service contract with material of AC for the office building of Municipal Corporation Jalandhar Dr. B.R Amdedkar Admn. Complex. | 12,90,000/- |

ਫੈਸਲਾ:

ਪ੍ਰਵਾਨ ਹੈ। ਇਸ ਮੱਦ ਦੀ ਲੜੀ ਨੰ: 12 ਨੂੰ ਮੇਅਰ ਜੀ ਵਲੋਂ ਮਿਤੀ 4.9.2020 ਅਤੇ ਲੜੀ ਨੰ: 18 ਨੂੰ ਮਿਤੀ 12.3.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰ ਦਿਤਾ ਗਿਆ ਸੀ ਅਤੇ ਹਾਊਸ ਵਲੋਂ ਇਸ ਦੀ ਅੰਤਿਮ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਲੜੀ ਨੰ: 13 ਦੇ ਤਖਮੀਨੇ ਨੂੰ ਰੱਦ ਕੀਤਾ ਜਾਂਦਾ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮਤਾ ਨੰ:-39

ਵਿਸ਼ਾ:- Estimate for Desilting of Manholes in different wards in Zone No. 1 to 7

ਪੜ੍ਹਿਆ ਨੋਟ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਓ.ਐਂਡ.ਐਮ ਸ਼ਾਖਾ ਵਲੋਂ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਦੇ ਕੌਂਸਲਰ ਸਾਹਿਬਾਨਾਂ ਦੀ ਮੰਗ ਤੇ ਵੱਖ-ਵੱਖ ਜ਼ੋਨਾਂ ਅਧੀਨ ਪੈਂਦੇ ਵਾਰਡਾਂ/ ਇਲਾਕਿਆਂ ਵਿੱਚ ਸੀਵਰ ਮੈਨਹੋਲਾਂ ਦੀ ਸਫਾਈ ਕਰਵਾਉਣ ਵਾਸਤੇ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਸਨ:-

| ਲੜੀ ਨੰ: | ਕੰਮ ਦਾ ਨਾ/ਜਗ੍ਹਾ ਦਾ ਸਪਸ਼ਟ ਵੇਰਵਾ | ਨਵਾਂ ਵਾਰਡ ਨੰਬਰ | ਤਖਮੀਨਾ ਰੁਪਏ |
|---|---|---|---|
| 1 | ਜ਼ੋਨ ਨੰ: 1 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ। (ਵਾਰਡ ਨੰ : 50 ਤੋਂ 56 ਅਤੇ 65 ਤੋਂ 67) | ਜ | 11,32,100/- |
| 2 | ਜ਼ੋਨ ਨੰ: 2 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 1 ਤੋਂ 3, 61 ਤੋਂ 64,70,71,79 ਅਤੇ 80) | ਜ | 12,45,310/- |
| 3 | ਜ਼ੋਨ ਨੰ: 3 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 20,45 ਤੋਂ 49,68,69 ਅਤੇ 72 ਤੋਂ 78) | ਜ | 16,98,150/- |
| 4 | ਜ਼ੋਨ ਨੰ: 4 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 29 ਤੋਂ 44) | ਜ | 18,11,360/- |
| 5 | ਜ਼ੋਨ ਨੰ: 5 ਅਤੇ 5-ਏ ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 7 ਤੋਂ 19) | ਜ | 14,71,730/- |
| 6 | ਜ਼ੋਨ ਨੰ: 6 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 21 ਤੋਂ 28) | ਜ | 9,05,680/- |
| 7 | ਜ਼ੋਨ ਨੰ: 7 ਅਧੀਨ ਪੈਂਦੇ ਵੱਖ-ਵੱਖ ਵਾਰਡਾ ਵਿੱਚ ਸੀਵਰ ਮੈਨਹੋਲਾ ਦੀ ਸਫਾਈ ਕਰਵਾਉਣ ਬਾਰੇ।(ਵਾਰਡ ਨੰ: 4,5,6,57,58,59 ਅਤੇ 60) | ਜ | 7,92,470/- |

ਇਨ੍ਹਾਂ ਤਖਮੀਨਿਆਂ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 96 ਮਿਤੀ 29.11.2019 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-2020/9305 ਮਿਤੀ 18.02.2020 ਰਾਹੀਂ ਦਿੱਤੀ ਜਾ ਚੁੱਕੀ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਮਾਨਯੋਗ ਹਾਈਕੋਰਟ ਵਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਸੀਵਰਮੈਨ ਸਟਾਫ ਨੂੰ ਸੀਵਰ ਵਿੱਚ ਜਾਣ ਤੋਂ ਮਨਾਹੀ ਹੈ। ਕਿਉਂ ਜੋ ਸੀਵਰੇਜ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀਵਰ ਮੈਨਹੋਲਾਂ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ ਤਾਂ ਜੋ ਆਉਣ ਵਾਲੀਆਂ ਬਰਸਾਤਾਂ ਵਿੱਚ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਇਸ ਲਈ ਇਨ੍ਹਾਂ ਸੀਵਰ ਮੈਨਹੋਲਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾ ਨਾਲ ਕਰਵਾਉਣ ਲਈ ਉਪਰੋਕਤ ਦਰਸ਼ਾਏ ਗਏ ਤਖਮੀਨਿਆਂ ਦੇ ਸੋਧੇ ਹੋਏ ਤਖਮੀਨੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਹਿੱਤ ਤਖਮੀਨੇ ਨਗਰ ਨਿਗਮ ਹਾਊਸ ਵਿੱਚ ਵਿਚਾਰਨ/ਫੈਸਲੇ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 6.3.2020 ਰਾਹੀਂ ਤਖਮੀਨੇ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ।

ਫੈਸਲਾ:

ਵਿਚਾਰ ਵਟਾਂਦਰੇ ਦੋਰਾਨ ਐਸ.ਈ. (ਓ.ਐਂਡ ਐਮ.) ਨੇ ਇਹ ਦੱਸਿਆ ਕਿ ਇਹ ਤਖਮੀਨੇ ਪੁਰਾਣੇ ਮੈਨੂਅਲ ਢੰਗ ਨਾਲ ਡੀਸਿਲਟਿੰਗ ਕਰਵਾਉਣ ਲਈ ਬਣਾਏ ਗਏ ਸਨ ਜਦ ਕਿ ਹੁਣ ਮਸ਼ੀਨਾ ਰਾਹੀਂ ਡੀਸਿਲਟਿੰਗ ਕਰਾਉਣ ਲਈ ਤਿਆਰ ਕਰਵਾ ਲਏ ਗਏ ਹਨ। ਇਸ ਲਈ ਇਹ ਤਖਮੀਨੇ ਰੱਦ ਕਰ ਦਿੱਤੇ ਜਾਵੇ। ਜਿਸ ਉਪਰੰਤ ਇਹਨਾਂ ਤਖਮੀਨਿਆ ਨੂੰ ਰੱਦ ਕੀਤਾ ਗਿਆ।ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-40**

ਵਿਸ਼ਾ :- Implementation of the Punjab Management and transfer of Municipal Property Act-2020 (Punjab Act No.- 8 of 2020)

ਹਵਾਲਾ :- ਪੱਤਰ ਨੰ: JDDLG/DLG/2020/30855-31055 ਮਿਤੀ : 13.08.2020

ਪੜਿਆ ਨੋਟ ਸੁਪਰਡੰਟ ਤਹਿਬਜ਼ਾਰੀ ਜਿਸ ਨਾਲ ਸੰਯੁਕਤ ਕਮਿਸ਼ਨਰ (ਈ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਰਕਾਰ ਵੱਲੋ ਹਵਾਲੇ ਅਧੀਨ ਪੱਤਰ ਰਾਹੀ ਨਗਰ ਨਿਗਮ ਦੀਆਂ ਜਾਇਦਾਦਾ ਬਾਰੇ ਪਾਲਿਸੀ ਜਾਰੀ ਕੀਤੀ ਗਈ ਹੈ। ਇਹ ਪਾਲਿਸੀ ਨਗਰ ਨਿਗਮ, ਹਾਊਸ ਵਿੱਚ ਸੂਚਨਾਂ ਅਤੇ ਕਾਰਵਾਈ ਕਰਨ ਹਿੱਤ ਭੇਜਣੀ ਬਣਦੀ ਹੈ ਪਰ ਕਿਉਂ ਜੋ ਕੋਵਿਡ-19 ਦੇ ਕਾਰਨ ਹਾਊਸ ਦੀ ਮੀਟਿੰਗ ਨਿਕਟ ਭਵਿੱਖ ਵਿੱਚ ਨਹੀਂ ਹੋ ਰਹੀ ਹੈ ਇਸ ਲਈ ਇਸ ਕੇਸ ਤੇ ਮਾਨਯੋਗ ਮੇਅਰ ਜੀ ਪਾਸੋ ਪੂਰਵ ਪ੍ਰਵਾਨਗੀ ਲੈਣੀ ਬਣਦੀ ਹੈ । ਇਹ ਪਾਲਿਸੀ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੇਖੀ ਜਾ ਸਕਦੀ ਹੈ ।ਕਮਿਸ਼ਨਰ ਜੀ ਨੇ ਮਿਤੀ 4.9.2020 ਨੂੰ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 8.9.2020 ਨੂੰ ਇਸ ਸਬੰਧੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

**ਮਤਾ ਨੰ:-41**
ਵਿਸ਼ਾ :- ਪੰਜਾਬ ਸਲੱਮ ਡਿਵੈਲਰਸ ਪ੍ਰਾਪਰਟੀ ਐਕਟ 2020 ਨੂੰ ਲਾਗੂ ਕਰਨ ਸਬੰਧੀ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਐਕਟ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪੈਂਦੇ ਹੋਏ ਸਲੱਮ ਇਲਾਕਿਆਂ ਵਿੱਚ ਬਸੈਰਾ ਕਰਦੇ ਲੋਕਾਂ ਦੀ ਸਹੂਲਤ ਲਈ ਐਕਟ ਬਣਾਇਆ ਗਿਆ ਹੈ, ਜਿਸ ਅਧੀਨ ਇਹਨਾਂ ਸਲੱਮਾਂ ਵਿੱਚ ਬਣੇ ਘਰਾਂ ਦਾ ਮਾਲਕਾਣਾ ਹੱਕ ਘਰ ਵਿੱਚ ਰਹਿਣ ਵਾਲੇ ਪਰਿਵਾਰ ਦੇ ਮੁੱਖੀ ਦੇ ਨਾਮ ਤੇ ਟਰਾਂਸਫਰ ਕੀਤਾ ਜਾਣਾ ਹੈ।ਇਹਨਾਂ ਘਰਾਂ ਦੀ ਯੋਗਤਾ ਅਤੇ ਸ਼ਰਤਾਂ ਐਕਟ ਵਿੱਚ ਪੂਰੇ ਵੇਰਵੇ ਸਹਿਤ ਲਿਖੀਆਂ ਹੋਈਆਂ ਹਨ।ਕਿਉਕਿ ਜੋ ਇਹ ਐਕਟ ਮਿਤੀ : 01.04.2020 ਨੂੰ ਲਾਗੂ ਕਰ ਦਿੱਤਾ ਗਿਆ ਹੈ, ਇਸ ਲਈ ਜਲੰਧਰ ਸ਼ਹਿਰ ਵਿੱਚ ਬਣੇ ਸਲੱਮਾਂ ਸਬੰਧੀ ਕਾਰਵਾਈ ਕਰਨ ਹਿੱਤ ਇਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਨਗਰ ਨਿਗਮ, ਜਲੰਧਰ ਵੱਲੋਂ ਲੋੜੀਂਦੀ ਹੈ। ਇਹ ਐਕਟ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੇਖਿਆ ਜਾ ਸਕਦਾ ਹੈ ।ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਐਕਟ ਬਾਰੇ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਲੋੜੀਂਦੀ ਹੈ । ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਐਕਟ ਨਗਰ ਨਿਗਮ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
17.11.2020

**ਮਤਾ ਨੰ:-42**

ਵਿਸ਼ਾ: ਅਜੰਡਾ ਸ਼ਾਖਾ ਲਈ ਜਰੌਖਸ ਕੰਪਨੀ ਦੇ ਕਾਪੀਅਰ ਦੀ ਖ਼ਰੀਦ ਕਰਨ ਸਬੰਧੀ ।

ਪੜਿਆ ਨੋਟ ਅਜੰਡਾ ਸ਼ਾਖਾ ਜਿਸ ਨਾਲ ਸਕੱਤਰ ਨੇ ਸਿਫਾਰਸ਼ ਕੀਤੀ ਹੈ ਕਿ ਅਜੰਡਾ ਸ਼ਾਖਾ ਲਈ ਇੱਕ ਕਾਪੀਅਰ ਦੀ ਲੋੜ ਹੈ ।ਕਿਉਂ ਜ਼ੋ ਪਹਿਲੀ ਰੀਕੋ ਕੰਪਨੀ ਦਾ ਕਾਪੀਅਰ ਲਗਭਗ 10 ਸਾਲ ਪਹਿਲਾਂ ਖ਼ਰੀਦ ਕੀਤਾ ਗਿਆ ਸੀ ਅਤੇ ਹੁਣ ਉਹ ਖਰਾਬ ਹੋ ਗਿਆ ਹੈ ਅਤੇ ਕੰਪਨੀ ਵਲੋਂ ਇਸ ਦੀ ਰਿਪੇਅਰ ਲਈ ਮਨਾ ਕਰ ਦਿੱਤਾ ਗਿਆ ਹੈ ਕਿਉਂ ਜ਼ੋ ਹੁਣ ਇਹ ਮਾਡਲ ਕਾਫੀ ਪੁਰਾਣਾ ਹੈ ਅਤੇ ਇਸ ਦੇ ਸਪੇਅਰ ਪਾਰਟਸ ਨਹੀਂ ਮਿਲ ਰਹੇ । ਇਸ ਲਈ ਇਕ ਨਵਾਂ ਜਰੋਖਸ ਕੰਪਨੀ ਦਾ ਕਾਪੀਅਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੈਮ ਪੋਰਟਲ/ਈ-ਟੈਂਡਰ ਰਾਹੀਂ ਖ਼ਰੀਦ ਕੀਤਾ ਜਾਣਾ ਹੈ । ਜਿਸ ਅਨੁਸਾਰ ਲਗਭਗ 1.90 ਲੱਖ ਰੁਪਏ ਦਾ ਖ਼ਰਚਾ ਆਵੇਗਾ।ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਤਜ਼ਵੀਜ਼ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

17.11.2020

ਮੀਟਿੰਗ ਦੇ ਅੰਤ ਵਿਚ ਮੇਅਰ ਜੀ ਨੇ ਬੋਲਦਿਆਂ ਕਿਹਾ ਕਿ ਮੈਂ ਕਮਿਸ਼ਨਰ ਸਾਹਿਬ ਅਤੇ ਬਾਕੀ ਅਧਿਕਾਰੀਆਂ ਤੇ ਖਾਸ ਕਰਕੇ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਚੇਅਰਮੈਂਨ ਬੀ.ਐਂਡ ਆਰ. ਕਮੇਟੀ ਦੀ ਸ਼ਲਾਘਾ ਕਰਦਾ ਹਾਂ ਕਿ ਇਹਨਾਂ ਨੇ ਪਿਛੇ ਜਿਹੇ ਜਿੰਨੀਆਂ ਵੀ ਸੜਕਾਂ ਬਣਾਈਆਂ ਹਨ ਜਿਵੇਂ ਕਿ ਗੁਲਾਬ ਦੇਵੀ ਰੋਡ, ਪਟੇਲ ਚੌਂਕ ਤੋਂ ਸਟੇਸ਼ਨ ਵੱਲ ਦੀ ਰੋਡ ਅਤੇ ਗੁਰੂ ਨਾਨਕ ਪੁਰਾ ਦੀ ਰੋਡ ਬਹੁਤ ਵਧੀਆਂ ਢੰਗ ਨਾਲ ਅਤੇ ਚੰਗੀ ਕਵਾਲਟੀ ਨਾਲ ਬਣਾਈਆਂ ਹਨ ਜਿਸ ਬਾਰੇ ਸ਼ਹਿਰ ਵਿਚੋਂ ਵੀ ਆਵਾਜ ਉਠ ਰਹੀ ਹੈ। ਸ੍ਰੀ ਕਰਨੇਸ਼ ਸ਼ਰਮਾ ਜੀ ਨੇ ਜਲੰਧਰ ਨਗਰ ਨਿਗਮ ਵਿਚ ਬਤੌਰ ਕਮਿਸ਼ਨਰ ਜੁਆਇਨ ਕਰਨ ਤੋਂ ਬਾਅਦ ਆਪਣੀ ਸੂਝ-ਬੂਝ ਨਾਲ ਕਈ ਵਿਕਾਸ ਦੇ ਕੰਮਾਂ ਨੂੰ ਸ਼ੁਰੂ ਕਰਵਾਇਆ ਹੈ ਅਤੇ ਖਾਸ ਕਰਕੇ ਸਮਾਰਟ ਸਿਟੀ ਦੇ ਕੰਮਾਂ ਵਿਚ ਤੇਜੀ ਲਿਆਂਦੀ ਹੈ, ਇਹ ਇਕ ਬਹੁਤ ਹੀ ਸੁਲਝੇ ਹੋਏ ਅਧਿਕਾਰੀ ਹਨ। ਜੇਕਰ ਹਾਊਸ ਠੀਕ ਸਮਝਦਾ ਹੈ ਤਾਂ ਮੈਂ ਬੇਨਤੀ ਕਰਾਂਗਾ ਕਿ ਇਹਨਾਂ ਦੀ ਸ਼ਲਾਘਾ ਕੀਤੀ ਜਾਵੇ। ਜਿਸ ਤੇ ਸਮੂਹ ਹਾਊਸ ਨੇ ਮੇਜਾਂ-ਥਪ-ਥਪਾਈਆਂ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

17.11.2020